ਮਾਸਕ ੧੬ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

ਸਚ

ਅੰਮ੍ਰਿਤਸਰ

ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ



JUL 1933

ਜੁਲਈ ੧੯੩੩

ਸੋ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥

www.AKJ.Org

ਤ ਤ ਕ ਰਾ

ਸਾਵਣਿ ਸਰਸ ਮਨਾ	੩	ਬਾਰਹਮਾਹ ਤੁਖਾਰੀ ਮਹਲਾ ੧
ਗੁਰਬਾਣੀ ਪੜ੍ਹਨ ਸੁਣਨ ਗਾਉਣ ਤੇ ਲਿਖਣ ਦਾ ਫਲ	੪	ਭਾ: ਸਾ: ਭਾਈ ਰਣਧੀਰ ਸਿੰਘ ਜੀ
ਗੁਰੂ ਤੇ ਗੁਰਬਾਣੀ	੭	ਪ੍ਰਿੰਸੀਪਲ ਕੁਲਦੀਪ ਜੀ ਹਉਰਾ
ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਬਲ-ਬੀਰਤਾ	੧੧	ਪ੍ਰੋਫੈਸਰ ਜੋਗਿੰਦਰ ਸਿੰਘ ਜੀ
ਗੁਰਮਤਿ ਨਾਮ ਦਾ ਅਭਿਆਸ	੧੪	ਸ: ਭਗਤ ਸਿੰਘ ਜੀ ਹੀਰਾ
ਗੁਰਮਤਿ ਫ਼ਿਲਾਸਫ਼ੀ ਕੀ ਹੈ ?	੧੯	ਭਾ: ਸਾ: ਭਾਈ ਰਣਧੀਰ ਸਿੰਘ ਜੀ
ਉਨੀਂਦਰਾ ਰੋਗ	੨੦	ਪ੍ਰਿੰਸੀਪਲ ਸੱਜਣ ਸਿੰਘ ਜੀ
ਖ਼ਾਕੀ ਸੁਖਦੇਵ ਕੌਰ	੨੪	ਪ੍ਰੋਫੈਸਰ ਠਾਕੁਰ ਸਿੰਘ ਜੀ
ਕਬਿਤ ਸਵੱਯੇ ਭਾਈ ਗੁਰਦਾਸ ਜੀ (੧੭)	੨੯	— — —
ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਬਾਰੇ ਤੱਥ (੩)	੩੦	ਕੈਪਟਿਨ ਸਵਰਨ ਸਿੰਘ ਜੀ
ਸਿੱਖੀ ਪਾਵਨ ਪਰਮੇਸ਼ਰ ਦਾ ਪਵਿੱਤਰ ਪ੍ਰਚੰਡ ਪ੍ਰਕਾਸ਼ ਹੈ	੩੩	ਪ੍ਰਿੰਸੀਪਲ ਨਾਹਰ ਸਿੰਘ ਜੀ
ਕਿਰਪਾਨ ਬਹਾਦਰ	੩੫	ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ
ਚਉਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ	੩੭	ਡਾਕਟਰ ਜਸਵੰਤ ਸਿੰਘ ਜੀ ਨੇਕੀ
ਸੋਨੇ ਦੀ ਚਿੜੀ (੨)	੪੩	ਭਾਈ ਜੋਧ ਸਿੰਘ ਜੀ
ਕਵਿਤਾਵਾਂ	੪੮ ਤੋਂ ੫੦	ਨੀਰ ਜੀ, ਮਿੱਤਰ ਜੀ ਆਦਿਕ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਦਿਵਸ ੧੩ ਜੁਲਾਈ

"ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਬਲ-ਬੀਰਤਾ" ਲੇਖ ਵਿਚ ਲੇਖਕ ਵਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਆਦਿ ਬਾਰੇ ਭਾਈ ਗੁਰਦਾਸ ਸਿੰਘ ਜੀ ਦੀ ੪੧ਵੀਂ ਵਾਰ ਵਿਚੋਂ "ਔਰੁ ਗੋਵਿਹ ਬਾਦ ਰਚਾਇਓ" ਆਦਿ ਦੇ ਹਵਾਲੇ ਨਾਲ ਜੋ ਸਿੱਟੇ ਕੱਢੇ ਗਏ ਹਨ, ਇਹ ਉਹਨਾਂ ਦੇ ਨਿਜੀ ਸੰਕਲਪ ਹਨ। —ਸੰਪਾਦਕ

'ਸੁਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਕਪੂਰਥਲਾ—ਭਾਈ ਚਰਨਪਾਲ ਸਿੰਘ, 799-ਏ, ਆਰ.ਸੀ.ਐਫ.
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂੜਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਧੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੁਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋਂਡੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੭-੯੩ ਨੂੰ ਪ੍ਰਕਾਸ਼ਤ ਕੀਤਾ

www.AKJ.Org

ਸਾਲਾਨਾ ਚੰਦਾ

ਦੇਸ ੩੦-੦੦
ਇਕ ਪਰਚਾ ੩-੦੦

(ਪਰਦੇਸ ਸਾਰੇ)
ਸਾਲਾਨਾ ਚੰਦਾ

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦
Foreign Subscription
Sea Mail 80-00
Air Mail 250-00

ਆਮਨਤੀ
ਲਾਈਫ਼ ਮੈਂਬਰ

ਦੇਸ ੨੫੦-੦੦
ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਜੁਲਾਈ ੧੯੯੩ ਅੰਕ ੭

ਸਾਵਣਿ ਸਰਸ ਮਨਾ

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ॥੯॥

[ਬਾਰਹਮਾਹ ਤੁਖਾਰੀ ਮ: ੧

ਨੋਟ : ਆਉਂਦੇ ਮਹੀਨੇ ਤੋਂ ਬਾਰਹਮਾਹ ਤੁਖਾਰੀ ਵਿਚਲੇ ਮਹੀਨੇ ਦੀ ਅਰਥ-ਵਿਆਖਿਆ ਅਰੰਭ ਦਿਆਂਗੇ ।

ਸਾਵਣਿ—ਸਾਵਣ ਮਹੀਨੇ ਵਿਚ । ਸਰਸ—ਰਸ ਵਾਲਾ ਹੋ ਜਾ, ਖਿੜ ਜਾ । ਘਣ—ਬੱਦਲ । ਵਰਸਹਿ—ਵਸਦੇ ਹਨ । ਸਹੁ, ਪਿਰ—ਪ੍ਰਭੂ-ਪਤੀ । ਸਿਧਾਏ—ਚਲੇ ਗਏ ਹਨ । ਹਾਵੈ—ਹਾਹੁਕੇ, ਵਿਜੋਗ ਵਿਚ । ਦਾਮਨਿ—ਬਿਜਲੀ । ਖਰੀ ਦੁਹੇਲੀ—ਬਹੁਤ ਦੁਖੀ । ਤਨਿ—ਸਰੀਰ ਉਤੇ । ਕੰਤੀ—ਕੰਤ ਵਾਲੀ, ਪਤਨੀ । ਅੰਕਿ—ਝੋਲੀ, ਗਲਵਕੜੀ ਵਿਚ । ਸਮਾਵਏ—ਲੀਨ ਹੋ ਜਾਂਦੀ ਹੈ ।

www.AKJ.Org

ਗੁਰਬਾਣੀ ਪੜ੍ਹਨ, ਸੁਣਨ, ਗਾਉਣ ਤੇ ਲਿਖਣ ਦਾ ਫਲ ਤੇ ਨਾਮ ਦੀ ਪਾਰਸ ਕਲਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੰਨੀ ਕੁਲੁ ਤਾਰਿਆ ਜੀਉ ॥੫॥੧॥੩॥

ਸਿਰੀਰਾਗੁ ਮ: ੫, ਪੰਨਾ ੮੧

ਦਸੋ ! ਇਥੇ ਕੀ ਮੰਤਕ ਚਲੇਗੀ। ਗੁਰਬਾਣੀ ਦੇ ਪੜ੍ਹਨ, ਸੁਣਨ, ਲਿਖਣ ਮਾਤਰ ਨਾਲ ਹੀ ਨਿਸਤਾਰਾ ਹੈ। ਏਥੇ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ। ਗੁਰਵਾਕ ਦੀ ਪੰਗਤੀ ਵਿਚੋਂ ਤਾਂ ਕੋਈ ਹੋਰ ਦੂਜੇ ਅਰਥ ਕਢੇ ਨਹੀਂ ਜਾ ਸਕਦੇ। ਮਨ-ਉਕਤ ਢਕੌਂਸਲੇ-ਬਾਜ਼ੀਆਂ ਕੋਈ ਭਾਵੇਂ ਕਿਵੇਂ ਕਰਦਾ ਫਿਰੇ। ਬਾਣੀ ਗੁਰੂ ਰੂਪ ਹੈ, ਬਾਣੀ ਅੰਮ੍ਰਿਤ ਰੂਪ ਹੈ। ਅੰਮ੍ਰਿਤ ਬਾਣੀ ਇਉਂ ਹੈ ਕਿ ਇਸ ਦੇ ਪੜ੍ਹਨ ਸੁਣਨ ਮਾਤਰ ਨਾਲ ਹੀ ਪੜ੍ਹਨ ਸੁਣਨਹਾਰੇ ਦੇ ਮੁਖ ਅਤੇ ਕੰਨਾਂ ਵਿਖੇ ਅੰਮ੍ਰਿਤ ਪੈਂਦਾ ਹੈ।

ਬਾਣੀ ਗੁਰੂ ਰੂਪ ਇਸ ਕਰਕੇ ਹੈ ਕਿ ਜੋ ਕੁਛ ਗੁਰਬਾਣੀ ਕਹਿੰਦੀ ਹੈ, ਉਸ ਨੂੰ ਗੁਰਬਾਣੀ ਦੇ ਸੇਵਨਹਾਰਾ ਗੁਰਸਿਖ ਮੰਨੇ ਤਾਂ ਉਸ ਦਾ ਪਰਤੱਖ ਨਿਸਤਾਰਾ ਹੋ ਜਾਂਦਾ ਹੈ, ਅਰਥਾਤ, ਉਸ ਦੇ ਨਿਸਤਾਰਾ ਹੋਣ ਵਿਚ ਕੋਈ ਸੰਦੇਹ ਹੀ ਨਹੀਂ ਰਹਿੰਦਾ। ਯਥਾ ਗੁਰਵਾਕ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥ ਨਟ ਮ: ੪, ਪੰਨਾ ੯੮੨

ਗੁਰਬਾਣੀ ਕੀ ਕਹਿੰਦੀ ਹੈ :

ਪ੍ਰਭ ਬਾਣੀ ਸਬਦੁ ਸੁਭਾਖਿਆ ॥

ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥੧੧॥

ਸੋਰਠ ਮ: ੫, ਪੰਨਾ ੬੧੧

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥੨॥੧੧॥੮੧॥

ਸੋਰਠ ਮ: ੫, ਪੰਨਾ ੬੨੬

ਭਾਵ—ਗੁਰਬਾਣੀ ਦਾ ਗਾਵਣਾ, ਪੜ੍ਹਨਾ, ਸੁਣਨਾ ਹੀ ਹਰ ਸਮੇਂ ਸੁਖਦਾਈ ਹੈ, ਭਾਵੇਂ ਕਿਸੇ ਵੇਲੇ ਗਾਵਹੁ, ਪੜਹੁ, ਸੁਣਹੁ। ਏਥੇ ਹੋਰ ਫ਼ਿਲਾਸਫ਼ੀ ਛਾਂਟਣ ਦੀ ਲੋੜ ਨਹੀਂ। ਆਪਣੀ ਮੈਲੀ ਮਤਿ ਬੁਧਿ ਸੋਚ ਵਿਚਾਰ ਦੀ ਏਥੇ ਕੁਛ ਨਹੀਂ ਵਟੀਦੀ। ਇਹ ਸਭ ਮੈਲੀਆਂ ਚੀਜ਼ਾਂ ਹਨ। ਏਹਨਾਂ ਤਾਂ ਪਾਰਸ ਰੂਪ ਅੰਮ੍ਰਿਤ ਬਾਣੀ ਦੇ ਨਾਲ ਸੁਪਰਸ ਹੋ ਕੇ ਮੈਲਿਓਂ ਨਿਰਮਲ ਹੋਣਾ ਹੈ। ਮੈਲੀਆਂ ਵਸਤਾਂ ਦੇ ਮਾਲਕਾਂ ਦੀ ਕੀ ਤਾਕਤ ਹੈ ਕਿ ਨਿਰਮਲ ਅੰਮ੍ਰਿਤ ਬਾਣੀ ਦੀ ਅਰਥ ਵਿਚਾਰ ਮਈ ਕੋਈ ਕਾਂਟ ਛਾਂਟ ਕਰ ਸਕਣ ਅਤੇ ਹੀਲ ਹੁੱਜਤ ਅਗੇ ਡਾਹ ਸਕਣ। ਏਹ ਬਪੁੜੀਆਂ ਵਿਚਾਰ ਬੁਧੀਆਂ ਊਰੇ ਊਰੇ ਹੀ ਰਹਿ ਜਾਂਦੀਆਂ ਹਨ। ਕ੍ਰੋਗੁਣੀ ਅਲਪ-ਮਤੀ ਲੋਕਾਂ ਦੀ ਤੁਰੀਆ ਗੁਣੀ ਗੁਰਬਾਣੀ ਤਾਈਂ ਕੀ ਦਸਤਰਸ ਹੋ ਸਕਦੀ ਹੈ ? ਕਖ ਭੀ ਨਹੀਂ।

ਮਨਿ ਹਰਿ ਕੀਰਤਿ ਕਰਿ ਸਦਹੁੰ ॥

ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੁੰ ॥੧॥ਰਹਾਉ॥੪॥

ਦੇਵ ਗੰਧਾਰੀ ਮ: ੫, ਪੰਨਾ ੫੨੬

ਇਹ ਗੁਰਵਾਕ ਇਸ ਗੱਲ ਨੂੰ ਹੋਰ ਭੀ ਨਿਸਚਿਤ ਕਰਾਉਂਦਾ ਹੈ ਕਿ ਗੁਰਬਾਣੀ ਦਾ ਗਾਵਣਾ, ਸੁਣਨਾ, ਪੜ੍ਹਨਾ ਹੀ ਪਾਰਸ ਕਲਾ ਪਰਬੀਨ ਹੈ, ਅੰਸ੍ਰਿਤ ਬਾਣੀ ਜੁ ਹੋਈ। ਨਹੀਂ ਤਾਂ ਹੋਰ ਕੱਚੀ ਬਾਣੀ ਦੇ ਗੀਤ ਭਾਵੇਂ ਕਿਤਨੇ ਹੀ ਗਾਈ ਜਾਵੋ, ਪੜ੍ਹੀ-ਸੁਣੀ ਜਾਵੋ, ਪਾਰਸ ਕਲਾ ਵਰਤਦੀ ਹੀ ਨਹੀਂ, ਪਾਰਸ ਕਲਾ ਤਾਂ ਕੀ ਵਰਤਣੀ

www.AKJ.Org

ਸੀ, ਸਗੋਂ ਇਸ ਕੱਚੀ ਬਾਣੀ ਦੇ ਕਥਤਿਆਂ, ਬਕਤਿਆਂ ਅਤੇ ਸਰੋਤਿਆਂ ਨੂੰ ਗੁਰੂ ਸਾਹਿਬ ਕੱਚ-ਪਿਚ ਰੱਚੇ ਕੱਚੇ ਕਹਿ ਕੇ ਪੁਕਾਰਦੇ ਹਨ। ਯਥਾ ਗੁਰਵਾਕ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥੨੪॥ ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਕੱਚੀ ਬਾਣੀ ਨੂੰ ਭਾਵੇਂ ਦਿਨ ਰਾਤ ਸਾਰੀ ਅਵਰਦਾ ਹੀ ਗਾਵੀ ਜਾਵੇ ਅਤੇ ਪੜ੍ਹੀ ਸੁਣੀ ਜਾਵੇ, ਬਸ ਕਚਿਆਣ ਵਰਤੇਗੀ। ਇਸ ਦੇ ਪੜ੍ਹਨ, ਸੁਣਨ, ਗਾਉਣਹਾਰਿਆਂ ਵਿਚ ਕਚਿਆਣਤਾ ਹੀ ਵਰਤੀ ਰਹੇਗੀ। ਇਹ ਕੱਚ ਕੁਬਾਣੀ ਕਚਿਆਂ ਮਾਇਆ-ਰੱਚਿਆਂ ਅਲਪ ਮਾਣੂਆਂ ਦੀ ਰਚੀ ਹੋਈ ਜੂ ਹੋਈ। ਏਸੇ ਕਚਿਆਣ ਕੂ-ਕਲਾ ਦੇ ਕਾਰਨ ਤਾਂ ਕੁਬਾਣੀਆਂ ਦਾ ਗਾਵਣਾ ਹਰਿ ਕੀਰਤਨ ਤੁਲ ਨਹੀਂ ਹੋ ਸਕਦਾ, ਭਾਵੇਂ ਕੌਟ ਕਲਾ ਸੰਗੀਤ ਵਿਦਯਾ ਦੇ ਗਵੱਯੇ ਇਸ ਕੁਬਾਣੀ ਕੱਚੀ ਬਾਣੀ ਨੂੰ ਸਿਰ ਖਪਾ ਖਪਾ ਕੇ ਗਾਵਣ। ਗਾਇਨ ਵਿਦਯਾ ਹਰ-ਜਸ ਗੁਰਬਾਣੀ ਦੇ ਕੀਰਤਨ ਰਹਸ ਤੋਂ ਸੁੰਨੀ ਅਤੇ ਊਰੀ ਸੰਗੀਤ ਵਿਦਯਾ ਹਰਗਿਜ਼ ਹਰਗਿਜ਼ ਕਲਿਆਣਕਾਰੀ ਨਹੀਂ ਹੋ ਸਕਦੀ, ਕਿਉਂਕਿ ਉਹ ਗੁਰਬਾਣੀ ਦੇ ਕਲਾ-ਕੀਰਤਨੀ-ਅੰਮ੍ਰਿਤ-ਰਹਸ ਤੋਂ ਖ਼ਾਲੀ ਹੈ। ਗੰਧਰਬਾਂ ਦੀਆਂ ਨਾਨਾ ਪ੍ਰਕਾਰੀ ਤਾਨਾਰੀਰੀਆਂ ਕਿਸੇ ਕੰਮ ਨਹੀਂ ਆਉਂਦੀਆਂ, ਅਤੇ ਕਿਸੇ ਲੇਖੇ ਭੀ ਨਹੀਂ ਪੈਂਦੀਆਂ, ਸਿਵਾਏ ਇਸ ਦੇ ਕਿ ਇਸ ਦੀ ਕੁਚੇਸ਼ਟਾ ਇਸ ਦੇ ਚੇਟਕੀਆਂ ਨੂੰ ਕੁਟਲ ਕੁਚੀਲਤਾ ਦੇ ਅੰਧ ਕੂਪ ਵਿਖੇ ਲਿਜਾ ਗਿਰਾ ਦੇਵੇ।

ਸਾਇੰਸ ਵਿਦਿਆ ਦੀ ਚੁੰਧਿਆਈ ਹੋਈ ਅਕਲ ਦੇ ਚੌੜ-ਚਾਨਣੀ ਸਿਆਣੇ ਅੰਮ੍ਰਿਤ ਬਾਣੀ ਦੇ ਆਕ੍ਰਖਣੀ ਅਸਰ ਤੋਂ ਤਾਂ ਊੱਕੇ ਹੀ ਮੁਨਕਰ ਹਨ, ਪ੍ਰੰਤੂ ਰੱਚਨਹਾਰ ਦੇ ਰਚਿਤ ਪਦਾਰਥਾਂ ਦੀ ਮਾਇਕ ਸ਼ਕਤੀ ਦੇ ਮਿਕਨਾਤੀਸੀ ਅਸਰ ਦੇ ਬੜੇ ਕਾਇਲ ਹਨ। ਜੈਸੇ ਕਿ ਅਸਾਡੇ ਆਮ ਜਨਤਾ ਅਪਣਾਏ ਜਰਨਲਿਸਟ ਜੀ ਆਪਣੇ ਲੇਖ ਵਿਖੇ ਇਸ ਬਿਧ ਐਲਾਨੀਆ ਲਿਖਦੇ ਹਨ :

'ਇਸ ਜਹਾਨ ਵਿਚ ਬੇਅੰਤ ਤਾਕਤਾਂ ਹਨ, ਜੋ ਸਾਡੇ ਉਤੇ ਅਸਰ ਕਰ ਰਹੀਆਂ ਹਨ। ਜ਼ਮੀਨ, ਖਾਣਾ, ਪੀਣਾ, ਹਵਾ, ਚੰਦ, ਸੂਰਜ, ਤਾਰੇ, ਰੁਤ, ਬੇਅੰਤ ਜਾਨਵਰ, ਬੇਅੰਤ ਆਦਮੀ ਤੇ ਹੋਰ ਹਰ ਤਰ੍ਹਾਂ ਦੀ ਪੈਦਾਇਸ਼ ਸਭ ਸਾਡੇ ਖ਼ਿਆਲਾਂ ਉਤੇ ਅਸਰ ਕਰਦੀ ਹੈ, ਪਰ ਗੁਰਬਾਣੀ ਅਸਰ ਨਹੀਂ ਕਰਦੀ।'

ਇਹ ਗੁਰਬਾਣੀ-ਅਕਸੀਰ-ਅਸਰ ਮਾਇਆ ਨਾਲ ਮਨੂਰ ਹੋਈਆਂ ਬਿਰਤੀਆਂ ਤੇ ਬੁਧੀਆਂ ਨੂੰ ਪੋਂਹਦਾ ਜੂ ਨਹੀਂ। ਨੀਚੇ ਦਰਜੇ ਦੇ ਕਚ-ਪਿਚੀ ਪਦਾਰਥਾਂ ਦੇ ਅਸਰ ਝਟ ਪਟ ਹੋ ਜਾਂਦੇ ਹਨ। ਤ੍ਰੈਗੁਣੀ ਪਦਾਰਥਾਂ ਦੇ ਅਸਰ ਨੂੰ ਤ੍ਰੈਗੁਣੀ ਰਚਨਾ ਦੀ ਘਾੜਤ ਬੁਧੀ ਇਕ-ਦਮ ਕਬੂਲ ਕਰ ਲੈਂਦੀ ਹੈ। ਇਸ ਕਰਕੇ ਉਕਤ ਪਦਾਰਥਾਂ ਵਲ ਉਹ ਹੋਰ ਹੋਰ ਖਿਚੀਂਦੀ ਤੁਰੀ ਜਾਂਦੀ ਹੈ। ਪ੍ਰਬਲ ਰੁਚੀ ਹੋਣ ਕਰਕੇ ਬਾਰੰਬਾਰ ਉਹ ਉਹਨਾਂ ਪਦਾਰਥਾਂ ਨੂੰ ਪਰਸਨ ਲਈ ਹੱਥ ਪਸਾਰਦੀ ਹੈ। ਪਰਸਨ ਦੀ ਦੇਰ ਹੈ ਕਿ ਤਾਬੜ ਤੋੜ ਅਸਰ ਹੋ ਜਾਂਦਾ ਹੈ, ਭਾਵੇਂ ਭੈੜਾ ਅਸਰ ਹੀ ਹੋਵੇ। ਪਰ ਹਨੇਰ ਤਾਂ ਇਹ ਹੈ ਕਿ ਬੁਰਾ ਅਸਰ ਹੁੰਦੇ ਹੋਇਆਂ ਭੀ ਉਹਨਾਂ ਪਦਾਰਥਾਂ ਵਲ ਜਾਣ ਬੁਝ ਕੇ ਦੌੜੀਦਾ ਹੈ। ਤੁਰੀਆ ਗੁਣੀ ਸਤਿ ਪਦਾਰਥ ਅੰਮ੍ਰਿਤ ਬਾਣੀ ਵਲ ਮਾਇਆ-ਮਲ-ਭੇਖਧਾਰੀਆਂ ਦੀ ਰੁਚੀ ਹੀ ਨਹੀਂ ਜਾਂਦੀ, ਉਹ ਇਸ ਅਲੌਕਕ ਅਤੇ ਅਮੋਲਕ ਪਦਾਰਥ ਨੂੰ ਪਰਸਦੇ ਹੀ ਨਹੀਂ, ਫੇਰ ਪਾਰਸ ਕਲਾ ਦਾ ਆਕਰਖਣੀ ਅਸਰ ਕਿਵੇਂ ਹੋਵੇ :

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥
ਰਾਮਕਲੀ ਬਾਣੀ ਰਵਿਦਾਸ ਜੀ ਕੀ, ਪੰਨਾ ੯੭੩

ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ ॥੧॥ਰਹਾਉ॥੬॥
ਕਾਨੜਾ ਮ: ੪, ਪੰਨਾ ੧੩੧੧

www.AKJ.Org

ਪਾਰਸ ਰਸਾਇਣੀ ਅਕਸੀਰ ਅੰਮ੍ਰਿਤ ਬਾਣੀ ਦਾ ਇਸ ਵਿਚ ਕੋਈ ਕਸੂਰ ਨਹੀਂ। ਇਸ ਦਾ ਆਕਰਖਣੀ ਅਸਰ ਹੈ, ਪਰ ਇਸ ਨੂੰ ਕਬੂਲ ਕਰਨ ਵਾਲੀਆਂ ਰੂਚੀਆਂ ਨੇ ਅਸਰ-ਪਜ਼ੀਰ ਤਾਂ ਕੀ ਹੋਣਾ ਸੀ, ਉਹਨਾਂ ਨੂੰ ਤਾਂ ਇਸ ਅਕਸੀਰ ਦੇ ਭੰਡਣ ਦੀ ਰੂਚੀ ਪ੍ਰਬਲ ਹੋ ਕੇ ਚਿੰਮੜੀ ਹੋਈ ਹੈ, ਤਾਂ ਹੀ ਉਹ ਦੁਹਾਈਆਂ ਦੇ ਦੇ ਕੇ ਲੋਗਾਂ ਨੂੰ ਵਰਗਲਾ ਭੁਚਲਾ ਰਹੇ ਹਨ ਕਿ 'ਵਾਹਿਗੁਰੂ ਵਾਹਿਗੁਰੂ' ਕਹਿਣ ਵਿਚ ਕੀ ਵਾਧਾ ਹੈ, ਜੇ 'ਪੱਥਰ ਪੱਥਰ' ਕਹਿ ਲਓ, ਇਕ-ਸਾਰ ਹੀ ਹੈ। ਉਹਨਾਂ ਨੂੰ ਅੰਮ੍ਰਿਤ ਬਾਣੀ ਦੀ ਸਾਰ ਹੀ ਕੀ ? ਸਾਰ ਤਿਨ੍ਹਾਂ ਨੂੰ ਹੈ ਜਿਨ੍ਹਾਂ ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਨੂੰ ਪਰਸ ਭੁੰਚ ਕੇ ਸੱਚਾ ਅੰਮ੍ਰਿਤ ਰਸ ਚਖਿਆ ਹੈ।

ਗੁਰਮਤਿ ਮਨਿ ਅੰਮ੍ਰਿਤ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮੁਨਿ ਸੁਣੀਐ ਹਰਿ ਲਿਵ ਲਾਏ ਰਾਮ ॥੨॥੧॥
ਬਿਹਾਗੜਾ ਮ: ੪, ਪੰਨਾ ੫੩੮

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥...੧॥੨॥
ਬਿਹਾਗੜਾ ਮ: ੪, ਪੰਨਾ ੫੩੮

ਦੇਖੀ ਪਾਰਸ ਕਲਾ ਗੁਰਮਤਿ ਨਾਮ ਦੀ ਅਤੇ ਅੰਮ੍ਰਿਤ ਬਾਣੀ ਦੀ ! ਕੀ ਕੁਛ ਕੌਤਕ ਵਰਤਿਆ ! ਇਸ ਪਾਰਸ ਰੂਪੀ ਅੰਮ੍ਰਿਤ ਬਾਣੀ ਨੂੰ ਬਾਣੀ-ਗਮਰੁਠ-ਅਗਿਆਨੀ ਕਹਿੰਦੇ ਹਨ, ਕੀ ਬਾਰ ਬਾਰ ਜਪਣਾ ਹੈ ਅਤੇ ਮੁੜ ਮੁੜ ਪੜ੍ਹਨਾ ਹੈ। ਇਸ ਕਲਾ-ਕਉਤਕੀ-ਤਾਸੀਰ ਵਾਲੇ ਅੰਮ੍ਰਿਤ ਨਾਮ ਨੂੰ ਇਹ ਅਨਜਾਣ ਆਖਦੇ ਹਨ ਕਿ ਕੀ ਬੱਕਰੀ ਵਾਂਗੂੰ ਮੂੰਹ ਮਾਰਨਾ ਹੈ, ਪਰ ਗੁਰੂ ਸਾਹਿਬ ਦਾ ਪਵਿੱਤਰ ਹੁਕਮ ਇਹ ਹੈ। ਗੁਰਵਾਕ :

ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥੧੪੪॥
ਗਉੜੀ ਮ: ਪ. ਪੰਨਾ ੧੬੪

ਤਥਾ— ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ ੧॥
ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਜਮ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥
ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥੬॥
ਸੂਹੀ ਮ: ੫, ਪੰਨਾ ੭੮੦-੮੧

ਵਾਹ ਕਿਆ ਅਮੋਘ ਬਚਨ ਰੂਪੀ ਬਾਣ ਸ੍ਰੀ ਸਤਿਗੁਰ ਜੀ ਨੇ ਵਾਹੇ ਹਨ। ਲੱਖ ਲੱਖ ਵਾਰ, ਲਗਾਤਾਰ, ਇਕੋ ਸਾਹ, ਇਕ ਤਾਰ, ਨਾਮ ਜਪਣ ਦਾ, ਨਾਮ ਜਪੀ ਜਾਣ, ਦਿਨਸ ਰਾਤ, ਸਾਸਿ ਗਿਰਾਸਿ ਜਪੀ ਜਾਣ ਦਾ ਸ੍ਰੀ ਸਤਿਗੁਰੂ ਸਾਹਿਬ ਦਾ ਬੜਾ ਕਰੜਾ ਅਤੇ ਤਾਕੀਦੀ ਹੁਕਮ ਹੈ। ਅਜਿਹੇ ਹੁਕਮਾਂ ਰੂਪੀ ਗੁਰਵਾਕਾਂ ਨਾਲ ਸ੍ਰੀ ਸਤਿਗੁਰੂ ਸਾਹਿਬ ਦੀ ਸਮੱਗਰ ਬਾਣੀ ਭਰੀ ਪਈ ਹੈ। ਉਦਾਹਰਣ ਵਜੋਂ ਕੁਛ ਗੁਰਵਾਕ ਹਠਾਂ ਦਿਤੇ ਜਾਂਦੇ ਹਨ :

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥...੩॥੧੬॥ (ਪੰਨਾ ੨੦)

['ਗੁਰਮਤਿ ਨਾਮ ਅਭਿਆਸ ਕਮਾਈ'—ਪੰਨਾ ੩੧-੩੫

www.AKJ.Org

ਗੁਰੂ ਤੇ ਗੁਰਬਾਣੀ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162-ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

"ਗੁਰਮਤਿ ਪ੍ਰਭਾਕਰ" ਅਨੁਸਾਰ ਅਗਯਾਨ ਵਿਨਾਸਕ ਸਤਯ ਧਰਮ ਉਪਦੇਸ਼ਟਾ ਦਾ ਨਾਉਂ 'ਗੁਰੂ' ਹੈ। ਹਰ ਇਕ ਵਿਅਕਤੀ ਗੁਰੂ ਨਹੀਂ ਹੋ ਸਕਦਾ। ਗੁਰੂ ਤਾਂ ਸੰਸਾਰ ਸਾਗਰ ਵਿਚੋਂ ਪਾਰ ਲੰਘਾਉਣ ਵਾਲਾ ਹੈ ਤੇ ਅਜਲੀ ਤੀਰਥ ਹੈ :— "ਗੁਰੁ ਸਰੁ ਸਾਗਰੁ ਬੰਹਿਥੋ ਗੁਰੁ ਤੀਰਥੁ ਦਰੀਆਉ।"੩॥੯॥ (ਪੰਨਾ ੧੭)

ਗੁਰਬਾਣੀ ਤੋਂ ਭਾਵ ਹੈ ਉਹ ਕਲਾਮ, ਜੋ ਗੁਰੂ ਜਾਂ ਮੁਰਸ਼ਦ ਦੁਆਰਾ ਉਚਾਰਿਆ ਗਿਆ ਹੋਵੇ, ਜਿਸ ਦੀ ਰਚਨਾ ਗੁਰੂ ਨੇ ਕੀਤੀ ਹੋਵੇ।

ਗੁਰੂ ਦੇ ਮਿਲਿਆਂ ਮਨ ਵਿਚ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਦੁਬਿਧਾ ਮਿਟ ਜਾਂਦੀ ਹੈ ਅਤੇ ਜਗਿਆਸੂ ਪਰਮ ਪਦ ਪ੍ਰਾਪਤ ਕਰ ਲੈਂਦਾ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ :

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥੫੨॥ (ਪੰਨਾ ੧੬੮)

ਸੁਖਮਨੀ ਸਾਹਿਬ ਅਨੁਸਾਰ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥ ਸਲੋਕ ॥੧੮॥ (ਪੰਨਾ ੨੮੬)

ਸਤਿਗੁਰੂ ਨਿਰਵੈਰ ਹੈ। ਉਹ ਸਭ ਵਿਚ ਇਕ ਬ੍ਰਹਮ ਦਾ ਪ੍ਰਕਾਸ਼ ਵੇਖਦਾ ਹੈ ਤੇ ਸਭ ਦਾ ਭਲਾ ਮਨਾਉਂਦਾ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ :

ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥ ..
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥੨॥੫॥ (ਪੰਨਾ ੩੦੨)

ਜਪੁਜੀ ਵਿਚ ਤਾਂ ਗੁਰੂ ਨੂੰ ਸਭ ਦੇਵੀ ਦੇਵਤਿਆਂ ਤੋਂ ਸਰੇਸ਼ਟ ਮੰਨਿਆ ਗਿਆ ਹੈ :

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥੫॥ (ਜਪੁਜੀ)

ਸੈਂਕੜੇ ਚੰਦਰਮਾ ਤੇ ਹਜ਼ਾਰਾਂ ਸੂਰਜ ਵੀ ਅਗਿਆਨ ਦਾ ਹਨੇਰਾ ਦੂਰ ਨਹੀਂ ਕਰ ਸਕਦੇ। ਇਹ ਸਿਫਤ ਸਿਰਫ ਗੁਰੂ ਵਿਚ ਹੀ ਹੈ, ਜੋ ਅਗਿਆਨਤਾ ਨੂੰ ਮੇਟ ਦੇਂਦਾ ਹੈ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ ॥੨॥੩॥ (ਮ: ੨, ਪੰਨਾ ੪੬੩)

ਗੁਰੂ ਐਸਾ ਵੈਦ ਹੈ ਜੋ ਹਰੀ ਨਾਮ ਦੀ ਦੁਆਈ ਦੇ ਕੇ, ਜਮਾਂ ਦੀ ਫਾਹੀ ਕੱਟ ਸੁਟਦਾ ਹੈ ਤੇ ਮੁਕਤ ਕਰ ਦੇਂਦਾ ਹੈ। ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ :

ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ਰਹਾਉ॥੩੪॥ (ਪੰਨਾ ੬੧੮)

ਗੁਰੂ ਅਰਜਨ ਸਾਹਿਬ ਦਾ ਹੀ ਕਥਨ ਹੈ ਕਿ ਐਸੇ ਪੂਰੇ ਗੁਰੂ ਦਾ ਉਪਦੇਸ਼ ਸੁਣ ਕੇ ਪਾਰਬ੍ਰਹਮ ਨੂੰ ਆਪਣੇ ਅੰਗ ਸੰਗ ਮਹਿਸੂਸ ਕਰੋ :

ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥੧॥੨੪॥ (੨੯੫)

ਐਸੇ ਗੁਰੂ ਅੱਗੇ ਆਪਣਾ ਸਭ ਕੁਝ ਸਮਰਪਣ ਕਰ ਕੇ ਉਸ ਦਾ ਹੁਕਮ ਮੰਨਣਾ ਹੈ, ਤਾਂ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ :

www.AKJ.Org

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੬॥ (ਪੰਨਾ ੬੧੮)

ਐਸੀ ਹਾਲਤ ਵਿਚ ਸਾਡੀ ਸੰਭਾਲ ਦੀ ਜ਼ਿੰਮੇਵਾਰੀ ਆਪਣੇ ਆਪ ਸਤਿਗੁਰੂ ਤੇ ਆ ਪੈਂਦੀ ਹੈ। ਉਸ ਦੇ ਭਾਣੇ ਵਿਚ ਚਲਿਆਂ ਹਰ ਪ੍ਰਕਾਰ ਦੇ ਸੁਖ ਤੇ ਸਹਜ ਅਵਸਥਾ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ :

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ਰਹਾਉ॥੫੬॥ (ਪੰਨਾ ੩੭)

ਸੁਖਮਨੀ ਸਾਹਿਬ ਅਨੁਸਾਰ ਐਸੇ ਪੂਰੇ ਗੁਰੂ ਦਾ ਉਪਦੇਸ਼ ਵੀ ਪੂਰਾ ਹੁੰਦਾ ਹੈ। ਐਸੇ ਉਪਦੇਸ਼ ਨੂੰ ਮਨ ਵਿਚ ਵਸਾਇਆਂ ਹੀ ਸੱਚ ਦੀ ਸੋਝੀ ਹੁੰਦੀ ਹੈ :—

ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥੬॥੨੨॥ (ਪੰ. ੨੬੩)

ਅਸਲ ਵਿਚ ਗੁਰੂ ਉਸਤਾਦ ਹੈ। ਉਸ ਦੀ ਰਚਨਾ ਭਾਵ ਬਾਣੀ ਹੀ ਸਾਨੂੰ ਇਆਣੇ ਬਾਲਕਾਂ ਨੂੰ ਸੱਚਾ ਮਾਰਗ ਦੱਸ ਕੇ ਸਿਆਣੇ ਕਰਨ ਦੀ ਸਮਰੱਥਾ ਰੱਖਦੀ ਹੈ :

ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੩॥ਰਹਾਉ॥੫੧॥
(ਪੰਨਾ ੧੬੮)

ਐਸੇ ਗੁਰੂ ਤੋਂ ਦਿਨ ਵਿਚ ਸੌ ਵਾਰੀ ਬਲਿਹਾਰ ਤੇ ਕੁਰਬਾਨ ਹੋਈਏ, ਜਿਸ ਨੇ ਆਪਣੀ ਬਾਣੀ ਰਾਹੀਂ ਉਪਦੇਸ਼ ਦੇ ਕੇ ਮਨੁੱਖਾਂ ਨੂੰ ਦੇਵਤਿਆਂ ਤੁਲ ਬਣਾ ਦਿੱਤਾ। ਉਸ ਦੀ ਰਚਨਾ ਵਿਚ ਅਜਿਹੀ ਸ਼ਕਤੀ ਹੈ ਕਿ ਉਹ ਤਤਕਾਲ ਹੀ ਅਗਿਆਨਤਾ ਦਾ ਹਨੇਰਾ ਦੂਰ ਕਰ ਦੇਂਦੀ ਹੈ। ਆਸਾ ਦੀ ਵਾਰ ਵਿਚ ਪ੍ਰਥਮ ਗੁਰੂ ਦਾ ਕਥਨ ਹੈ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥੧॥ (ਪੰਨਾ ੪੬੨-੬੩)

ਅਜਿਹੇ ਗੁਰੂ ਦੀ ਬਾਣੀ ਅਗਿਆਨ ਦਾ ਹਨੇਰਾ ਦੂਰ ਕਰ ਕੇ ਜੱਗ ਵਿਚ ਗਿਆਨ ਦਾ ਚਾਨਣ ਪ੍ਰਕਾਸ਼ਦੀ ਹੈ, ਪਰ ਉਹ ਪੂਰੀ ਬਖ਼ਸ਼ਸ਼ ਹੋਣ ਤੇ ਹੀ ਮਨ ਵਿਚ ਆ ਕੇ ਵਸਦੀ ਹੈ। ਕਥਨ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥੨੨॥ (ਪੰਨਾ ੬੭)

ਗੁਰੂ ਤਾਂ ਮੁਖੋਂ ਅੰਮ੍ਰਿਤ ਰੂਪੀ ਬਾਣੀ ਉਚਾਰਦਾ ਹੈ, ਜੋ ਸਿੱਖਾਂ ਦੇ ਮਨ ਨੂੰ ਭਾਉਂਦੀ ਹੈ। ਗੁਰੂ ਉਪਦੇਸ਼ ਕਰਨ ਦਾ ਪਰਉਪਕਾਰ ਕਰਦਾ ਹੈ। ਗੁਰੂ ਰਾਮਦਾਸ ਜੀ ਦਾ ਕਥਨ ਹੈ :

ਜਨੁ ਨਾਨਕ ਬੋਲੈ ਅੰਮ੍ਰਿਤ ਬਾਣੀ ॥ ਗੁਰਸਿਖਾ ਕੇ ਮਨਿ ਪਿਆਰੀ ਭਾਣੀ ॥
ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥ (ਪੰਨਾ ੯੬)

ਗੁਰਬਾਣੀ ਦਾ ਦਰਜਾ ਇਲਹਾਮ ਵਰਗਾ ਹੈ। ਬਾਣੀ ਅਕਾਲ ਪੁਰਖ ਦੇ ਖ਼ਾਸ ਹੁਕਮ ਅਨੁਸਾਰ ਸਤਿਗੁਰੂ ਦੇ ਮੁਖੋਂ ਨਿਕਲਦੀ ਹੈ। ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੬॥ (ਪੰਨਾ ੩੦੮)

ਗੁਰੂ ਨਾਨਕ ਸਾਹਿਬ ਦਾ ਕਥਨ ਵੀ ਹੈ—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥੧॥੫॥ (ਤਿਲੰਗ ਮ:੧—੭੨੨)

ਗੁਰਬਾਣੀ ਤਾਂ ਭਗਤੀ-ਭੰਡਾਰ ਦੇ ਲਾਲਾਂ ਹੀਰਿਆਂ ਤੁਲ ਹੈ, ਜੋ ਇਸ ਨੂੰ ਗਾਉਂਦਾ, ਸੁਣਦਾ ਤੇ ਇਸ ਉਤੇ ਅਮਲ ਕਰਦਾ ਹੈ, ਉਹ ਹਰ ਪ੍ਰਕਾਰ ਨਿਹਾਲ ਹੁੰਦਾ ਹੈ :

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥੨੩॥ (ਪੰਨਾ ੩੭੬)

ਗੁਰਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਜੋ ਵਿਅਕਤੀ ਇਸ ਨਾਲ ਪ੍ਰੀਤ ਜੋੜਦਾ ਹੈ ਤੇ ਇਸਦੀ ਵਿਚਾਰ ਕਰ ਕੇ,

www.AKJ.Org

ਦੱਸੇ ਅਨੁਸਾਰ ਅਮਲ ਕਰਦਾ ਹੈ, ਗੁਰੂ ਰੋਜ ਦੇ ਨਿਤ ਤੇ ਮਿਹਤ ਦਾ ਹੱਕ ਰਖਦਾ ਤੇ ਉਸਤੇ ਸਾਰੇ ਕਸ਼ਟ ਨਵਿਰਤ ਕਰਦਾ ਹੈ। ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ :

ਗੁਰ ਕੀ ਬਾਣੀ ਸਿਉ ਰੰਗੁ ਲਾਇ ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥੬੭॥ (੩੮੭)

ਸਤਿਗੁਰੂ ਦੇ ਬਚਨਾਂ ਵਿਚ ਇਤਨੀ ਸ਼ਕਤੀ ਹੈ ਕਿ ਉਹ ਪਾਪੀਆਂ ਦਾ ਪਾਰ-ਉਤਾਰਾ ਕਰਦੇ, ਮਹਾਂ ਨਿੰਦਕਾਂ ਨੂੰ ਪੁਨੀਤ ਕਰਦੇ ਅਤੇ ਜਨਮ-ਮਰਨ ਦੇ ਚੱਕਰ ਵਿਚ ਫਸੇ ਹੋਏ ਪਾਪੀਆਂ ਦੀਆਂ ਕੁਲਾਂ ਦਾ ਵੀ ਉਧਾਰ ਕਰ ਦੇਂਦੇ ਹਨ :

ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥੧॥ਰਹਾਉ॥

ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥

ਜਨਮ ਭਵੰਤੇ ਨਰਕ ਪੜੰਤੇ ਤਿਨ੍ ਕੇ ਕੁਲ ਉਧਾਰੇ ॥੨॥੧੪੧॥ (ਪੰਨਾ ੪੦੬)

ਗੁਰੂ ਦੀ ਬਾਣੀ ਰਤਨਾਂ ਤੁਲ ਹੈ, ਪਰ ਇਸ ਦੀ ਕੀਮਤ ਉਹ ਹੀ ਪਾ ਸਕਦੇ ਹਨ, ਜੋ ਇਸਦੀ ਵਿਚਾਰ ਕਰਦੇ ਹਨ।

ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥੧॥੬॥ (ਪੰਨਾ ੫੮੬)

ਪੂਰੇ ਤੇ ਸੂਰੇ ਗੁਰੂ ਦੀ ਬਾਣੀ ਦਾ ਜਾਪ ਕਰਨ ਨਾਲ ਹਰ ਪ੍ਰਕਾਰ ਦਾ ਸੁਖ-ਅਨੰਦ ਪ੍ਰਾਪਤ ਹੁੰਦਾ ਹੈ :

ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥੨੬॥ (ਪੰਨਾ ੬੧੬)

ਧੁਰੋਂ ਅਕਾਲ ਪੁਰਖ ਦੇ ਹੁਕਮ ਨਾਲ ਉਚਾਰੀ ਗਈ ਬਾਣੀ ਸਗਲੀਆਂ ਚਿੰਤਾਵਾਂ, ਦੁੱਖਾਂ ਦਾ ਨਾਸ ਕਰਨ ਵਾਲੀ ਹੈ :

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੧੩॥੭੭॥ (ਪੰਨਾ ੬੨੮)

ਐਸੀ ਬਾਣੀ ਚਿਤ-ਬ੍ਰਿਤੀ ਇਕਾਗਰ ਕਰ ਕੇ ਪੜ੍ਹਿਆਂ ਸੁਖਦਾਈ ਸਿੱਧ ਹੁੰਦੀ ਹੈ—

ਗੁਰਬਾਣੀ ਗਾਵਹ ਭਾਈ ਓਹੁ ਸਫਲ ਸਦਾ ਸੁਖਦਾਈ ॥੨॥੧੭॥੮੧॥ (ਪੰਨਾ ੬੨੬)

ਗੁਰੂ ਦੀ ਬਾਣੀ ਪ੍ਰਾਣੀ ਮਾਤਰ ਲਈ ਸੁਖਦਾਈ ਹੈ ਜਿਵੇਂ ਨਿਰਧਨ ਲਈ ਧਨ,ਅੰਨ੍ਹੇ ਲਈ ਸਹਾਰਾ ਤੇ ਬਾਲਕ ਲਈ ਮਾਤਾ ਦਾ ਦੁੱਧ ਹੈ। ਸਤਿਗੁਰੂ ਅਸੰਲਕ ਬਚਨਾਂ ਦੁਆਰਾ ਐਸੀ ਕਿਰਪਾ ਕਰਦੇ ਹਨ ਕਿ ਉਸਦੀ ਵਿਚਾਰ ਕੀਤਿਆਂ ਭਵ-ਸਾਗਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਪਰ ਇਹ ਵਡਿਆਈ ਕੇਵਲ ਸੱਚੀ ਬਾਣੀ ਨੂੰ ਹੀ ਪ੍ਰਾਪਤ ਹੈ, ਕੱਚੀ ਨੂੰ ਨਹੀਂ। ਅੱਜ ਖੁੰਬਾਂ ਵਾਂਗ ਗੁਰੂ ਉਗ ਖਲੋਤੇ ਹਨ, ਜੋ ਜਨਤਾ ਨੂੰ ਆਪਣੀ ਚਤੁਰਾਈ ਨਾਲ ਲੁੱਟ ਰਹੇ ਹਨ। ਕੱਚੀ ਬਾਣੀ ਰੱਚ ਕੇ ਸੱਚੇ ਗੁਰੂ ਦਾ ਮੁਕਾਬਲਾ ਕਰਦੇ ਹਨ। ਲੋੜ ਹੈ ਕੱਚ ਤੇ ਸੱਚ ਦਾ ਨਿਤਾਰਾ ਕਰਨ ਦੀ। ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਬੜੀ ਸਰਲ ਭਾਸ਼ਾ ਵਿਚ ਪ੍ਰੇਰਨਾ ਕਰਦੇ ਹਨ :

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ...॥੨੩॥

ਕਹਿਦੇ ਕਚੇ ਸੁਣਦੇ ਕਚੇ ਕਚਾਂ ਆਖਿ ਵਖਾਣੀ ॥

ਚਿਤ ਜਿਨ ਕਾ ਹਿਰ ਲਇਆ ਮਾਇਆ ਬੋਲਨਿ ਪਏ ਰਵਾਣੀ ॥੨੪॥ (ਪੰਨਾ ੯੨੦)

ਬਾਣੀ ਮਨ ਚਿਤ ਲਾ ਕੇ ਹਿਰਦਿਓਂ ਪੜ੍ਹਨ ਦੀ ਲੋੜ ਹੈ। ਜੋ ਗੁਰੂ ਦੇ ਅਨੁਸਾਰੀ ਹੋ ਕੇ, ਹਿਰਦਿਓਂ ਵਿਚਾਰ ਕੇ ਬਾਣੀ ਨਾਲ ਜੁੜਦੇ ਹਨ, ਉਨ੍ਹਾਂ ਦਾ ਨਿਜ ਘਰ ਵਿਚ ਵਾਸਾ ਹੁੰਦਾ ਹੈ—

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥

ਇਹ ਬਾਣੀ ਮਹਾ ਪੁਰਖ ਕੀ ਨਿਜ ਘਰ ਵਾਸਾ ਹੋਇ ॥੪੦॥ (ਪੰਨਾ ੯੩੫)

ਅਸਲ ਵਿਚ ਬਾਣੀ ਹੀ ਗੁਰੂ ਹੈ ਤੇ ਗੁਰੂ ਦੀ ਰਚੀ ਬਾਣੀ ਵਿਚ ਅੰਮ੍ਰਿਤ-ਰਸ ਹੈ। ਸਤਿਗੁਰੂ ਜੋ ਬਾਣੀ ਉਚਾਰਦਾ ਹੈ, ਜਿਹੜਾ ਸੇਵਕ ਉਸ ਨੂੰ ਮਨ ਬਚ ਕਰਮ ਕਰਕੇ ਮੰਨਦਾ ਹੈ, ਉਸ ਵਿਚ ਦ੍ਰਿੜ੍ਹਾਏ ਹੁਕਮਾਂ ਤੇ ਅਮਲ ਕਰਦਾ ਹੈ, ਸਤਿਗੁਰੂ ਉਸ ਦਾ ਪਰਗਟ-ਪਹਾਰੇ ਨਿਸਤਾਰਾ ਕਰਦਾ ਹੈ—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੪॥੫॥(ਨਟ ਮਹਲਾ ੪,ਪੰਨਾ ੯੮੨

www.AKJ.Org

ਗੁਰਬਾਣੀ ਦਰਸਵਾਦੀ ਹੁੰਦੀ ਹੋਈ ਵੀ ਰਹੱਸ ਦੀ ਰਮਜ਼ ਨੂੰ ਸਰੀਰਕ ਚਿੰਨ੍ਹਾਂ ਰਾਹੀਂ ਪ੍ਰਗਟਾਉਂਦੀ ਹੈ। ਗੁਰਬਾਣੀ ਅਨੁਸਾਰ ਮਨੁਖੀ ਸਰੀਰ ਆਤਮਕ ਆਦਰਸ਼ ਦੀ ਪ੍ਰਾਪਤੀ ਦਾ ਇਕੋ ਇਕ ਵਸੀਲਾ ਹੈ। ਇਸੇ ਲਈ ਇਸ ਨੂੰ ਏਹ-ਮਿੱਟੀ ਵਿਚ ਰੱਲਣ ਦੀ ਥਾਵੇਂ ਇਸ ਨੂੰ ਪਾਲਣ ਪੋਸਣ, ਧੋ ਸੁਆਰ ਕੇ ਸੁਹਣਾ ਸੁਣੱਖਾ ਤੇ ਚਾਉ ਭਰਿਆ ਬਨਾਣ ਤੇ ਜ਼ੋਰ ਦਿਤਾ ਗਿਆ ਹੈ। ਗੁਰਬਾਣੀ ਵਿਚ ਹਰ ਤਰ੍ਹਾਂ ਦੀ ਲੁੱਟ-ਖਸੁੱਟ ਵਿਰੁਧ ਬਗਾਵਤ-ਭਰੀ ਚੇਤਾਵਨੀ ਮਿਲਦੀ ਹੈ। ਇਸ ਪੱਖੋਂ ਗੁਰਬਾਣੀ ਅਗਰਗਾਮੀ ਵੀ ਹੈ।

ਅੱਜ ਦੇ ਯੁੱਗ ਵਿਚ ਜਦੋਂ ਯੁਵਕ ਕਈ ਗੱਲਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਆਪਣੇ ਰਾਹ ਉਲੀਕਦੇ ਹਨ ਤਾਂ ਗੁਰਬਾਣੀ ਦੀ ਸਹੀ ਜਾਣਕਾਰੀ ਨਰੋਈ ਸੇਧ ਦੇ ਸਕਦੀ ਹੈ। ਪਰ ਕਈ ਗਰਜ਼ਮੰਦ ਲੋਕ ਸ਼ਰਧਾਲੂਆਂ ਨੂੰ ਕੇਵਲ ਉਹ ਤੁਕਾਂ ਹੀ ਸੁਣਾਉਂਦੇ ਹਨ ਜਿਨ੍ਹਾਂ ਦੇ ਸੁਨਾਣ ਤੋਂ ਉਹ ਆਪਣਾ ਹਲਵਾ ਮਾਂਡਾ ਬਣਾਈ ਰਖ ਸਕਦੇ ਹਨ ਤੇ ਜਗਿਆਸੂਆਂ ਨੂੰ ਸਮੁੱਚੇ ਤੌਰ ਤੇ ਗੁਰ-ਆਸ਼ੇ ਤੋਂ ਜਾਣੂ ਨਹੀਂ ਕਰਾਉਂਦੇ। ਉਦਾਹਰਣ ਦੇ ਤੌਰ ਤੇ ਸੁਖਮਨੀ ਸਾਹਿਬ ਵਿਚ ਦੋ ਤੁਕਾਂ ਹਨ "ਸਤਿਗੁਰੁ ਸਿਖ ਕੇ ਬੰਧਨ ਕਾਟੈ। ਗੁਰ ਕਾ ਸਿਖੁ ਬਿਕਾਰ ਤੇ ਹਾਟੈ।"* ਜਿਸ ਦਾ ਸਪੱਸ਼ਟ ਭਾਵ ਹੈ ਕਿ ਜੇ ਗੁਰੂ ਦਾ ਸਿੱਖ ਛਜ਼ੂਲ, ਨਿਕੰਮੇ ਤੇ ਗੁਰਮਤਿ ਤੋਂ ਉਲਟ ਕੰਮ ਛੱਡ ਕੇ ਗੁਰੂ ਦੀ ਸ਼ਰਨੀ ਲੱਗ ਕੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰੇ ਤਾਂ ਗੁਰੂ ਉਸ ਸਿੱਖ ਦੇ ਜਨਮ-ਜਨਮਾਂਤਰਾਂ ਦੇ ਬੰਧਨ ਕੱਟ ਕੇ ਉਸ ਨੂੰ ਆਪਣੇ ਚਰਨਾਂ ਨਾਲ ਜੋੜ ਲੈਂਦਾ ਹੈ। ਪਰ ਘਟੀਆ ਕਿਸਮ ਦੇ ਪ੍ਰਚਾਰਕ ਮੁਜਰਮਾਂ ਤੇ ਦੋਸ਼ੀਆਂ, ਮਿਲਾਵਟ ਕਰਨ ਵਾਲਿਆਂ ਤੇ ਗੁਨਾਹਗਾਰਾਂ ਨੂੰ ਕੇਵਲ ਪਹਿਲੀ ਤੁਕ ਸੁਣਾ ਸੁਣਾ ਕੇ ਉਨ੍ਹਾਂ ਨੂੰ ਮੁਕੱਦਮਿਆਂ ਤੋਂ ਮੁਚਤ ਕਰਨ, ਕਾਲ-ਕੋਠੜੀਆਂ ਵਿਚੋਂ ਕਢਣ ਦੇ ਝਾਂਸੇ ਦੇ ਕੇ ਉਨ੍ਹਾਂ ਨੂੰ ਵੀ ਗੁਮਰਾਹ ਕਰਦੇ ਹਨ ਤੇ ਆਪ ਵੀ ਪਾਪਾਂ ਦੇ ਭਾਗੀ ਬਣਦੇ ਹਨ। ਇਸੇ ਤਰ੍ਹਾਂ ਦੀਆਂ ਤੁਕਾਂ ਇਨ੍ਹਾਂ ਗਰਜ਼ਮੰਦ ਲੋਕਾਂ ਨੇ ਯਾਦ ਕੀਤੀਆਂ ਹੁੰਦੀਆਂ ਹਨ, ਜੋ ਭੋਲੇ ਭਾਲੇ ਲੋਕਾਂ ਨੂੰ ਸੁਣਾ ਸੁਣਾ ਕੇ ਉਹਨਾਂ ਨਾਲ ਖਿਲਵਾੜ ਕਰਦੇ ਹਨ। ਕਈ ਗ੍ਰੰਥੀ ਤੇ ਅਖੌਤੀ ਸੰਤ-ਮਹਾਤਮਾ ਸਮੇਂ ਦੀ ਅਨਕੂਲਤਾ ਨੂੰ ਮੁੱਖ ਰੱਖ ਕੇ ਗੁਰੂ ਗ੍ਰੰਥ ਸਾਹਿਬ ਵਿਚੋਂ ਉਹ ਸ਼ਬਦ ਘਰ ਵਾਲਿਆਂ ਨੂੰ ਸੁਣਾਉਂਦੇ ਹਨ,ਜਿਸ ਦਾ ਅਰਥ ਕਰਦੇ ਹੋਏ ਉਹ ਕਹਿੰਦੇ ਹਨ,ਵੇਖੋ ਗੁਰੂ ਪਾਤਸ਼ਾਹ ਨੇ ਤੁਹਾਡੇ ਤੇ ਕਿਤਨੀ ਕਿਰਪਾ ਕੀਤੀ ਹੈ "ਹਰਿਗੋਬਿੰਦ ਨਵਾਂ ਨਰੋਆ" ਮਹਾਵਾਕ ਆਇਆ ਹੈ, ਹੁਣ ਤੁਹਾਡਾ ਬੱਚਾ ਛੇਤੀ ਅਰੋਗ ਹੋ ਜਾਏਗਾ। ਇਸ ਤਰ੍ਹਾਂ ਉਹ ਆਪਣਾ ਬੁੱਤਾ ਤਾਂ ਸਾਰ ਕੇ ਚਲੇ ਜਾਂਦੇ ਹਨ, ਪਰ ਪੜ੍ਹੇ ਲਿਖੇ, ਸੂਝਵਾਨ ਲੋਕਾਂ ਲਈ ਇਕ ਪ੍ਰਸ਼ਨ-ਚਿੰਨ੍ਹ ਪਿਛੇ ਛੱਡ ਜਾਂਦੇ ਹਨ। ਉਸ ਪ੍ਰਸ਼ਨ ਦਾ ਸਹੀ ਉਤਰ ਜਦੋਂ ਨਹੀਂ ਮਿਲਦਾ ਤਾਂ ਸਿਆਣਾ ਸੂਝਵਾਨ ਵਿਅਕਤੀ ਵੀ ਭੰਬਲਭੂਸੇ ਵਿਚ ਪੈ ਜਾਂਦਾ ਹੈ ਤੇ ਅਸ਼ਰਧਕ ਹੋ ਕੇ, ਕਈ ਵਾਰ ਅਸਲੀ ਰਾਹ ਤੋਂ ਕੁਰਾਹੇ ਜਾ ਪੈਂਦਾ ਹੈ। ਇਸ ਲਈ ਗੁਰਬਾਣੀ ਦਾ ਸਹੀ ਵਿਸ਼ਲੇਸ਼ਣ ਹੀ ਮਨੁੱਖਤਾ ਲਈ ਕਲਿਆਣਕਾਰੀ ਸਿੱਧ ਹੋ ਸਕਦਾ ਹੈ।

ਗੁਰਬਾਣੀ ਅਸਗਾਹ ਸਮੁੰਦਰ ਹੈ, ਅਨਮੋਲ ਖਜ਼ਾਨਾ ਹੈ, ਜਿਉਂ ਜਿਉਂ ਇਸ ਦੀ ਥਾਹ ਲਈ ਜਾਵੇਗੀ, ਖੋਜ ਕੀਤੀ ਜਾਵੇਗੀ, ਤਿਵੇਂ ਤਿਵੇਂ ਅਮੋਲ-ਰਤਨ ਲਭਣਗੇ।

ਗੁਰਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਨਿਰਗੁਣ ਸਰੂਪ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਮੰਨਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਜਦੋਂ ਭਾਈ ਨੰਦ ਲਾਲ ਜੀ ਨੇ ਪੁਛਿਆ, "ਮਹਾਰਾਜ, ਆਪ ਦਾ ਤੱਤ-ਸਰੂਪ ਕੀ ਹੈ ?" ਤਾਂ ਗੁਰੂ ਸਾਹਿਬ ਨੇ ਉਤਰ ਦਿੱਤਾ :

ਤੀਨ ਰੂਪ ਹੈਂ ਮੋਹਿ ਕੇ, ਸੁਨਹੁ ਨੰਦ ! ਚਿਤ ਲਾਇ ॥
ਨਿਰਗੁਣ, ਸਰਗੁਣ, ਗੁਰ ਸ਼ਬਦ, ਕਹਹੁ ਤੋਹਿ ਸਮਝਾਇ ॥੬॥...
ਜੋ ਸਿਖ ਗੁਰ ਦਰਸਨ ਕੀ ਚਾਹਿ ॥ ਦਚਸ਼ਨ ਕਰੇ ਗ੍ਰੰਥ ਜੀ ਆਹਿ ॥
ਪ੍ਰਭਾਤ ਸਮੇਂ ਕਰਕੇ ਇਸਨਾਨ ॥ ਤੀਨ ਪ੍ਰਦਛਨਾ ਕਰੈ ਸੁਜਾਨ ॥੯॥ ..

*ਗਉੜੀ ਸੁਖਮਨੀ ਮ: ੫, ॥੧॥੧੮॥ ਪੰਨਾ ੨੮੬

www.AKJ.Org

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਬਲ-ਬੀਰਤਾ

[ਪ੍ਰੋ: ਜੋਗਿੰਦਰ ਸਿੰਘ ਜੀ ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

(੧) ਅੱਠਵੀਂ ਗੁਰੂ-ਜੋਤਿ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਭਾਵੇਂ ਜੀਵਨ-ਸਮਾਂ ਥੋੜਾ ਸੀ ਤੇ ਗੁਰੂ-ਸਿੰਘਾਸਨ ਉਤੇ ਬੈਠਣ ਦਾ ਵੀ ਬਹੁਤਾ ਸਮਾਂ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋਇਆ, ਪਰ ਉਹਨਾਂ ਦੇ ਜੀਵਨ-ਆਚਾਰ, ਅਧਿਆਤਮਕ ਵਿਚਾਰ ਤੇ ਬੱਲ-ਬੀਰਤਾ ਨਾਲ ਸ਼ਿੰਗਾਰੇ ਵਿਹਾਰ ਵੀ ਹਰ ਗੁਰੂ-ਪ੍ਰਤਿਭਾ ਵਾਂਗ ਆਪਣੇ ਪ੍ਰਚੰਡ ਹਨ।

(੨) ਗੁਰੂ ਗੋਬਿੰਦ ਸਿੰਘ ਜੀ ਨੇ 'ਅਰਦਾਸ' ਦੀ ਪ੍ਰੱਥਮ ਪਉੜੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸਭ ਤਰ੍ਹਾਂ ਦੇ 'ਦੁੱਖ-ਨਵਿਰਤੀ' ਦਾ ਸੋਮਾ ਸਥਾਪਿਤ ਕੀਤਾ ਹੈ। ਦਸਮ ਪਾਤਿਸ਼ਾਹ ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਹਰ ਗੁਰੂ-ਪ੍ਰਤਿੱਭਾ ਦੀ ਲੋਕ ਸਿਮਰਤੀ ਵਿਚ ਸਥਾਪਿਤ ਹੋਏ ਵਿਸ਼ਵਾਸ ਤੇ ਵਿਚਾਰ ਨੂੰ ਹੀ ਆਪਣੇ ਅਨੁਭਵੀ-ਰੰਗ ਵਿਚ ਮੂਰਤੀਮਾਨ ਕਰ ਰਹੇ ਹਨ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਮੂਰਤੀਮਾਨ ਕੀਤਾ ਅਨੁਭਵੀ-ਰੰਗ ਸਾਰੇ ਗੁਰੂ ਸਾਹਿਬਾਨ ਤੋਂ ਵੱਖਰਾ ਵੀ ਹੈ, ਸਮਰੱਥਾਵਾਨ ਤੇ ਬੱਲ-ਬੀਰ ਸਥਾਪਿਤ ਕਰਨ ਵਾਲਾ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਦ੍ਰਿੜ੍ਹ ਤੇ ਸਾਰਥਿਕ ਸੰਕਲਪ ਹੈ :

ਸ੍ਰੀ ਹਰਿਕ੍ਰਿਸਨ ਧਿਆਈਐ †ਜਿਸ ਡਿਠੈ ਸਭਿ ਦੁਖਿ ਜਾਇ ॥

ਅਰਥਾਤ, ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜੇ ਧਿਆਨ-ਮੰਡਲ ਵਿਚ ਰੱਖ ਕੇ, ਉਨ੍ਹਾਂ ਨੂੰ ਜਾਂ ਉਹਨਾਂ ਦੇ ਆਚਾਰ,

*ਜਿਸ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋਣ ਨਾਲ। [ਸੰਪਾਦਕ

[੧੦ ਸਫੇ ਦੀ ਬਾਕੀ]

ਜੋ ਮੁਝ ਬਚਨ ਸੁਣਨ ਕੀ ਚਾਇ ॥ ਗ੍ਰੰਥ ਜੀ ਪੜ੍ਹੈ ਸੁਨਹੁ ਚਿਤ ਲਾਇ ॥
ਮੇਰਾ ਰੂਪ ਗ੍ਰੰਥ ਜੀ ਜਾਨ ॥ ਇਸ ਮੈਂ ਭੇਦ ਨ ਰੰਚਕ ਮਾਨ ॥੧੧॥

(ਰਹਿਤਨਾਮਾ ਭਾਈ ਨੰਦ ਲਾਲ ਜੀ)

ਇਸ ਤੋਂ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਦਾ ਨਿਰਗੁਣ ਸਰੂਪ ਗੁਰਬਾਣੀ ਅਥਵਾ ਗੁਰੂ ਗ੍ਰੰਥ ਸਾਹਿਬ ਹੀ ਹੈ। ਸੰਸਾਰ ਦਾ ਇਹ ਇਕੋ ਇਕ ਧਰਮ-ਗ੍ਰੰਥ ਹੈ ਜੋ ਗੁਰੂ ਅਰਜਨ ਸਾਹਿਬ ਦੀ ਆਪਣੀ ਦੇਖ-ਰੇਖ ਵਿਚ, ਉਨ੍ਹਾਂ ਦੁਆਰਾ ਸੰਪਾਦਿਤ ਹੋਇਆ।

ਗੁਰਬਾਣੀ ਪੜ੍ਹਨ, ਸੁਣਨ ਤੇ ਗਾਉਣ ਦਾ ਬੜਾ ਮਹਾਤਮ ਹੈ। ਗੁਰਬਾਣੀ ਪੜ੍ਹੀ, ਸੁਣੀ ਤੇ ਗਾਈ ਸੁਖਦਾਈ ਤਦੋਂ ਹੀ ਹੈ ਜੇ ਮਨੋਂ ਚਿਤੋਂ ਬ੍ਰਿਤੀ ਇਕਾਗਰ ਕਰ ਕੇ ਪ੍ਰੇਮ-ਸ਼ਰਧਾ ਨਾਲ ਪੜ੍ਹੀ ਜਾਏ। ਨਹੀਂ ਤਾਂ ਬਿਲਕੁਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਵਿਅਕਤੀ ਪਾਣੀ ਦੀਆਂ ਚੁਲੀਆਂ ਕਰੀ ਜਾਏ, ਪਰ ਇਕ ਘੁਟ ਵੀ ਅੰਦਰ ਨਾ ਲੰਘਾਏ ਤਾਂ ਉਸ ਦੀ ਪਿਆਸ ਕਿਵੇਂ ਬੁਝ ਸਕਦੀ ਹੈ। ਇਸੇ ਤਰ੍ਹਾਂ ਬਿਨਾ ਸ਼ਰਧਾ-ਭਾਵਨੀ ਅਤੇ ਬਿਨਾਂ ਰਸ-ਲੀਨ ਹੋਇਆਂ ਬਾਣੀ ਪੜ੍ਹੇ ਜਾਣ ਦਾ ਸੁਆਦ ਨਹੀਂ ਆ ਸਕਦਾ। ਸੋ ਹਿਰਦੇ ਵਿਚ ਵਸਾਉਣ ਅਤੇ ਗੁਰਬਾਣੀ ਵਿਚ ਦੱਸੇ ਅਨੁਸਾਰ ਅਮਲ ਕਰਨ ਦਾ ਹੀ ਮਹਾਤਮ ਹੈ। ਇਸ ਤਰ੍ਹਾਂ ਨਾਲ ਪੜ੍ਹੀ, ਸੁਣੀ ਤੇ ਗਾਈ ਬਾਣੀ ਦਾ ਮਹਾਤਮ ਵੀ ਤਾਂ ਹੀ ਹੈ ਜੇ ਭਾਵਨਾ ਪਵਿੱਤਰ ਹੋਵੇ, ਸਤੋਗੁਣੀ ਹੋਵੇ। ਇਸ ਪ੍ਰਤੀ ਭਾਈ ਗੁਰਦਾਸ ਸਾਹਿਬ ਦਾ ਕਥਨ ਹੈ :

ਤੈਸੇ ਗੁਰਬਾਣੀ ਬਿਖੇ ਸਕਲ ਪਦਾਰਥ ਹੈ, ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥੫੪੬॥

ਗੁਰਬਾਣੀ ਦਾ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਜਿਥੇ ਸਾਹਿਤਕ ਪੱਖੋਂ ਇਕ ਅਨਮੋਲ ਰਚਨਾ ਹੈ, ਉਥੇ ਇਸ ਦੀ ਸਮਾਜਕ ਦੇਣ ਵੀ ਕੁਝ ਘੱਟ ਨਹੀਂ। ਗੁਰੂ ਸਾਹਿਬਾਨ ਦੇ ਨਾਲ ਨਾਲ ਭਗਤਾਂ ਤੇ ਭੱਟਾਂ ਦੀ ਬਾਣੀ ਦਾ ਵੀ ਉਹ ਹੀ ਸਤਿਕਾਰ ਹੈ। ਇਸ ਪੱਖੋਂ ਗੁਰੂ ਗ੍ਰੰਥ ਸਾਹਿਬ ਭਾਵਾਤਮਕ-ਏਕਤਾ ਬਾਰੇ ਇਕੋ ਇਕ ਸੰਸਾਰ-ਪ੍ਰਸਿੱਧ, ਮਹਾਨ ਧਰਮ-ਗ੍ਰੰਥ ਹੈ। ਗੁਰੂ ਤੇ ਗੁਰਬਾਣੀ ਦਾ ਦਰਜਾ ਬੜਾ ਉਤਮ ਹੈ।

www.AKJ.Org

ਵਿਚਾਰ ਤੇ ਵਿਹਾਰ ਨੂੰ ਵੇਖਿਆ ਤੇ ਅੰਤਰ-ਆਤਮੇ ਮੰਨ ਲਿਆ ਜਾਵੇ, ਤਾਂ ਨਿਸਚੇ ਹੀ ਸਭਿ ਦੁੱਖਾਂ ਦੀ ਨਵਿਰਤੀ ਹੋ ਸਕਦੀ ਹੈ। ਜਿਹੜੀ ਪ੍ਰਤਿੱਭਾ ਮਾਨਵਤਾ ਦੇ ਮਨੋ-ਵਿਗਿਆਨਕ, ਸਰੀਰਕ ਤੇ ਸਮਾਜਕ ਦੁੱਖ, ਰੋਗ, ਕਲੇਸ਼ ਤੇ ਸੰਕਟ ਆਪਣੀ ਆਚਾਰ-ਛੋਹ, ਅਧਿਆਤਮਿਕ-ਵਿਚਾਰਾਂ ਤੇ ਬੱਲ-ਬੀਰ ਵਿਹਾਰ ਨਾਲ ਮਿਟਾ ਸਕਦੀ ਹੈ, ਉਹ ਗੁਰੂ-ਪ੍ਰਤਿੱਭਾ ਸੱਚਮੁੱਚ ਸਮਰੱਥ ਗੁਰੂ ਵੀ ਹੈ ਅਤੇ ਬੱਲ-ਬੀਰ ਵੀ ਹੈ।

(੩) ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਕਵੀ ਭਾਈ ਗੁਰਦਾਸ ਸਿੰਘ ਜੀ (ਭਾਈ ਗੁਰਦਾਸ ਜੀ ਦੂਜੇ) ਜਦੋਂ ਗੁਰੂ-ਪ੍ਰਤਿੱਭਾਵਾਂ ਦੀ ਵਿਸ਼ੇਸ਼ਤਾ ਨੂੰ ਉਜਾਗਰ ਕਰਨ ਲਗਦੇ ਹਨ, ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਉਨ੍ਹਾਂ ਦਾ ਅਨੁਭਵੀ ਰੰਗ ਵੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਹੀ ਮੂਰਤੀਮਾਨ ਹੁੰਦਾ ਹੈ। ਭਾਈ ਗੁਰਦਾਸ ਸਿੰਘ ਜੀ ਦੀ ਵਾਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਇਕ ਪਉੜੀ ਹੈ :

ਹਰਿਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ। ਜਿਨੀ ਪਹੁੰਚ ਦੇਹਲੀ ਤਜਿਓ ਸਰੀਰਾ।
ਬਾਲ ਰੂਪ ਧਰਿਓ ਸਵਾਂਗ ਰਚਾਇ। ਤਬ ਸਹਿਜੇ ਤਨ ਕੋ ਛੋਡਿ ਸਿਧਾਇ।
ਇਉ ਮੁਗਲਨ ਸੀਸ ਪਰੀ ਬਹੁ ਛਾਰਾ। ਵੇ ਖੁੱਦ ਪਤਿ ਸੋ ਪਹੁੰਚੇ ਦਰਬਾਰਾ।
ਔਰੰਗੇ ਇਹ ਬਾਦ ਰਚਾਇਓ। ਤਿਨ ਅਪਨਾ ਕੁਲ ਸਭ ਨਾਸ ਕਰਾਇਓ।
ਇਉ ਠਹਕ ਠਹਕ ਮੁਗਲਾਂ ਸਿਰ ਝਾਰੀ। ਫੁਨ ਹੋਇ ਪਾਪੀ ਵਹੁ ਨਰਕ ਸਿਧਾਰੀ।
ਇਉ ਕਰਿ ਹੈ ਗੁਰਦਾਸ ਪੁਕਾਰਾ। ਹੇ ਸਤਿਗੁਰੂ ਮੁਹਿ ਲੇਹੁ ਉਬਾਰਾ ॥੨੨॥

ਇਸ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜਨਮ-ਜੀਵਨ ਦੇ ਪ੍ਰਸੰਗ ਨੂੰ ਪੇਸ਼ ਕਰਨ ਦਾ ਇੰਨਾ ਯਤਨ ਨਹੀਂ ਕੀਤਾ, ਜਿੰਨਾ ਕਿ ਉਹਨਾਂ ਦੀ 'ਅਸ਼ਟਮ-ਬਲਬੀਰਾ-ਪ੍ਰਤਿੱਭਾ' ਨੂੰ ਸਥਾਪਿਤ ਕਰਨ ਉਤੇ ਬੱਲ ਦਿੱਤਾ ਹੈ। ਭਾਈ ਗੁਰਦਾਸ ਸਿੰਘ ਨੇ ਆਪਣੀ ਸਾਰੀ ਪਉੜੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਵਿਚਕਾਰ, ਖ਼ਾਸ ਕਰ ਕੇ ਬਾਬੇ ਤੇ ਬਾਬਰ ਦੇ ਪ੍ਰਸੰਗ ਵਿਚ, ਅੰਤਰਗਤਿ ਜਿਹੜਾ ਵਾਦ-ਵਿਵਾਦ ਤੇ ਬੋਲ-ਵਿਚਾਰ ਚਲ ਰਿਹਾ ਸੀ, ਮੁੱਖ ਰੂਪ ਵਿਚ ਉਸ ਨੂੰ ਹੀ ਦ੍ਰਿਸ਼ਟੀਗੋਚਰ ਰੱਖਿਆ ਹੈ। ਭਾਈ ਗੁਰਦਾਸ ਸਿੰਘ ਜੀ ਦਾ ਸਪੱਸ਼ਟ ਤੇ ਤੱਤ-ਸਾਰ ਨਿਰਣਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ 'ਅਸ਼ਟਮ (ਅਠਵੀਂ ਗੁਰੂ-ਜੋਤਿ) ਬਲਬੀਰਾ' ਹਨ, ਜਿਨ੍ਹਾਂ ਨੇ ਦਿੱਲੀ ਆ ਕੇ ਵੀ ਭਰਪੂਰ ਬੱਲ ਬੀਰਤਾ ਨਾਲ ਆਪਣੇ ਪਿਤਾ—ਗੁਰੂ ਹਰਿ ਰਾਇ ਸਾਹਿਬ ਦੇ ਹੁਕਮ 'ਨਾਹਿ ਦਰਸ਼ਨ ਹੈ' ਦਾ ਅਭਿਨੰਦਨ ਕਰਦਿਆਂ, ਨਾ ਔਰੰਗੇ ਨੂੰ ਦਰਸ਼ਨ ਦਿਤੇ ਅਤੇ ਨਾ ਹੀ ਉਸ ਦੀ ਜਾਂ ਉਸ ਦੀ ਹਕੂਮਤ ਦੀ ਪਰਵਾਹ ਕੀਤੀ। ਭਾਈ ਗੁਰਦਾਸ ਸਿੰਘ ਜੀ ਦੀ ਪਉੜੀ ਸਾਖੀ ਹੈ ਕਿ ਔਰੰਗਜ਼ੇਬ ਨੇ ਇਹ ਵੀ ਯਤਨ ਕੀਤਾ, ਕਿ ਜੇ ਗੁਰੂ ਹਰਿਕ੍ਰਿਸ਼ਨ ਸਾਹਿਬ 'ਦਰਸ਼ਨ' ਨਹੀਂ ਦਿੰਦੇ, ਤਾਂ 'ਕਰਾਮਾਤ' ਦਿਖਾਣ। ਪਰ ਬੱਲ-ਬੀਰਤਾ ਨਾਲ ਸ਼ਿੰਗਾਰੀ ਬਾਲ ਗੁਰੂ-ਪ੍ਰਤਿੱਭਾ ਨੇ ਔਰੰਗਜ਼ੇਬ ਨੂੰ ਕਰਾਮਾਤ ਦਿਖਾਣ ਤੋਂ ਇਨਕਾਰ ਵੀ ਕਰ ਦਿੱਤਾ। ਭਾਈ ਗੁਰਦਾਸ ਸਿੰਘ ਜੀ ਦਾ ਵਿਚਾਰ ਇਹ ਹੈ ਕਿ ਔਰੰਗਜ਼ੇਬ ਦੇ ਸ਼ਾਹੀ ਹੁਕਮਾਂ ਦੀ ਉਲੰਘਣਾ ਕਾਰਨ ਹੀ ਮੁਗਲ ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ 'ਬਾਦ' (ਵਾਦ-ਵਿਵਾਦ) ਰਚਾ ਲਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਇਸ ਵਾਦ-ਵਿਵਾਦ ਵਿਚ ਇੰਨੇ ਦ੍ਰਿੜ੍ਹ, ਬੱਲ-ਬੀਰ, ਸਮਰੱਥ ਤੇ ਬੇਪਰਵਾਹ ਸਾਬਤ ਹੋਏ ਕਿ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਵਾਂਗ 'ਸੀਸ' ਦੇ ਦਿਤਾ, ਤਨ-ਸਰੀਰ ਛੱਡ ਦਿੱਤਾ, ਪਰ ਪਹਿਲੇ ਗੁਰੂ-ਪਾਤਿਸ਼ਾਹਾਂ ਵਾਂਗ ਨਾ ਮੁਗਲ ਹਕੂਮਤ ਦਾ ਹੁਕਮ ਮੰਨਿਆ, ਨਾ ਦਰਸ਼ਨ ਦਿਤੇ, ਨਾ ਕਰਾਮਾਤ ਦਿਖਾਈ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਪ੍ਰਾਧੀਨਤਾ ਸਵੀਕਾਰ ਕੀਤੀ। ਭਾਈ ਗੁਰਦਾਸ ਸਿੰਘ ਜੀ ਦੀ ਸਪੱਸ਼ਟ ਰਾਏ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ-ਪਰੰਪਰਾ ਅਨੁਸਾਰ ਜੋਤੀ ਜੋਤਿ ਨਹੀਂ ਸਮਾਏ, ਸਗੋਂ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਵਾਂਗ 'ਸ਼ਹੀਦ' ਹੋਏ

www.AKJ.Org

ਹਨ। ਗੁਰੂ-ਆਦਰਸ਼ਾਂ ਤੇ ਗੁਰ-ਗੌਰਵ ਦੀ ਸਥਾਪਿਤੀ ਲਈ ਸ਼ਹੀਦ ਹੋ ਜਾਣਾ, ਇਹ ਬੱਲ-ਬੀਰਤਾ ਦਾ ਪ੍ਰਗਟਾਵਾ ਵੀ ਹੈ ਅਤੇ ਪਤਿ ਸੇਤੀ ਪ੍ਰਭੂ-ਦਰਬਾਰ ਵਿਚ ਪਹੁੰਚਣ ਦਾ ਵਰਦਾਨ ਵੀ ਹੈ।

(੪) ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ—ਕਿ ਉਹਨਾਂ ਦੀ ਸੰਸਾਰੀ ਉਮਰ ਭਾਵੇਂ ਅੱਠ ਸਾਲ ਤੱਕ ਸੀਮਤ ਹੈ, ਪਰ 'ਸੇਵਾ' ਤੇ 'ਬੀਰਤਾ' ਦੀ ਭਾਵਨਾ ਇੰਨੀ ਪ੍ਰਚੰਡ ਤੇ ਆਪਸ ਵਿਚ ਇਕਸੁਰ ਅਤੇ ਇਕਸਰੂਪ ਹੈ ਕਿ ਉਹਨਾਂ ਦੀ 'ਗੁਰੂ-ਪ੍ਰਤਿੱਭਾ' ਹਰ ਪਖੋਂ ਵੱਡੀ ਤੇ ਵਡਿਆਈ ਵਾਲੀ ਬਣ ਗਈ ਹੈ। 'ਸੇਵਾ' ਵਾਲਾ ਨਿਸ਼ਚੇ ਹੀ ਵਡਾ ਤੇ ਸਦਾ ਉਜਾਗਰ ਰਹਿੰਦਾ ਹੈ। ਉਹ ਲੋਕਾਂ ਤੇ ਪ੍ਰਭੂ-ਲੋਕ ਵਿਚ ਵੀ ਪਰਵਾਨ ਚੜ੍ਹਦਾ ਹੈ। ਕਿਉਂਕਿ ਸੇਵਾ' ਸ਼ਰਧਾ ਤੇ ਸਮਰਪਿਤ ਬਿਰਤੀ ਨਾਲ ਹੁੰਦੀ ਹੈ, ਹਉਮੈ-ਹੰਕਾਰ ਨਾਲ ਨਹੀਂ। ਸੇਵਾ ਵਾਲਾ ਜਿਥੇ 'ਆਪਾ' ਪਵਿੱਤਰ ਕਰ ਲੈਂਦਾ ਹੈ, ਜਾਂ 'ਆਪਾ' ਸੰਵਾਰ ਲੈਂਦਾ ਹੈ, ਉਥੇ ਉਹ ਮਾਨਵਤਾ 'ਚਿ ਦੁੱਖ, ਰੋਗ, ਕਲੇਸ਼ ਤੇ ਸੰਕਟ ਦੂਰ ਕਰਨ ਲਈ 'ਆਪਾ' ਸਮਰਪਿਤ ਕਰਨ ਲਈ ਜਾਂ ਵਾਰਨ ਲਈ ਸਦਾ ਤੱਤਪਰ ਰਹਿੰਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਮੁੱਚਾ ਜੀਵਨ ਮਾਨਵਤਾ ਦੀ ਦੁੱਖ-ਨਵਿਰਤੀ ਲਈ ਸਦਾ ਸਮਰਪਿਤ ਰਿਹਾ ਹੈ। ਦਿੱਲੀ ਦੀ ਰੋਗ-ਗਰੱਸੀ ਤੇ ਪੀੜਤ ਲੋਕਾਂ ਦੀ ਦੁੱਖ-ਨਵਿਰਤੀ ਲਈ ਘਰ ਘਰ ਜਾ ਕੇ ਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਸਥਾਨ ਉਤੇ ਬੈਠ ਕੇ ਕੀਤੀ 'ਸੇਵਾ' ਜਗਤ-ਪ੍ਰਸਿੱਧ ਹੈ। ਗੁਰਦੁਆਰਾ ਬੰਗਲਾ ਸਾਹਿਬ ਦੇ ਸਥਾਨ ਵਿਚ ਸਥਿਤ ਅੰਮ੍ਰਿਤ-ਛੋਹ ਨਾਲ ਸਿਰਜਿਆ 'ਚੁਬੱਚਾ' ਵੀ ਦੁੱਖ-ਨਵਿਰਤੀ ਲਈ ਕੀਤੀ ਸੇਵਾ ਦੀ ਸਿਮਰਤੀ ਦਾ ਹੀ ਇਕ ਇਤਿਹਾਸਕ ਤੇ ਅਧਿਆਤਮਿਕ ਚਿੰਨ੍ਹ ਹੈ।

(੫) 'ਸੇਵਾ' ਨੂੰ ਸਮਰਪਿਤ ਪ੍ਰਤਿੱਭਾ ਭਾਵੇਂ ਗੁਰੂ, ਸੰਤ ਜਾਂ ਸਾਧ ਹੀ ਹੋਵੇ, ਉਸ ਦੀ ਸਪੱਸ਼ਟ ਪਛਾਣ ਇਹ ਹੁੰਦੀ ਹੈ ਕਿ ਉਹ ਨਾਮ-ਸਿਮਰਨ ਨਾਲ ਵੀ ਇਕਸੁਰ ਹੁੰਦਾ ਹੈ ਅਤੇ ਸਦਾ ਸਹਜ ਵਿਚ ਹੀ ਵਿਚਰਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਭਾਵੇਂ ਬਾਲ-ਉਮਰ ਵਿਚ ਸਨ, ਪਰ ਨਾਮ-ਸਿਮਰਨ ਨਾਲ ਇਕਸੁਰ ਅਤੇ ਸਦਾ ਸਹਜ ਵਿਚ ਰਹੇ। ਜੇ ਵਿਦਿਆ-ਹੰਕਾਰੀ ਪੰਡਿਤ ਨੇ ਆਖਿਆ ਕਿ 'ਨਾਮ' ਤਾਂ 'ਕ੍ਰਿਸ਼ਨ' ਰਖ ਲਿਆ ਹੈ, ਪਰ 'ਗੀਤਾ' ਦਾ ਅਰਥ-ਭੇਦ ਬਿਲਕੁੱਲ ਨਹੀਂ ਪਤਾ, ਤਾਂ ਇਸ ਕਿੰਤੂ-ਪ੍ਰੰਤੂ ਤੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਘਬਰਾਏ ਨਹੀਂ, ਆਪਣਾ ਸਹਜ ਨਹੀਂ ਡੁਲਾਇਆ, ਸਗੋਂ ਇਕ ਅਨਪੜ੍ਹ ਘਾਹੀ ਕੋਲੋਂ 'ਗੀਤਾ' ਦੇ ਅਰਥ ਕਰਵਾ ਕੇ ਆਪਣੇ ਆਪ ਨੂੰ ਬਿਰਧ ਗਿਆਨ ਤੇ ਬੀਰ-ਬਿਰਤੀ ਵਾਲਾ ਸਾਬਤ ਕੀਤਾ ਹੈ। ਜੇ ਰਾਜਾ ਜੈ ਸਿੰਘ ਨੇ ਸ਼ਾਹੀ ਦਰਬਾਰ ਦੀ ਮਾਰ ਦਾ ਪ੍ਰਗਟਾਵਾ ਕੀਤਾ ਹੈ, ਤਾਂ ਵੀ ਗੁਰੂ ਹਰਿਕ੍ਰਿਸ਼ਨ ਸਾਹਿਬ ਬੇਪਰਵਾਹ ਤੇ ਅਡੋਲ ਰਹੇ ਹਨ। ਨਾਮ-ਸਿਮਰਨ ਤੇ ਸਹਜ ਦੀ ਘਾਲਿ-ਕਮਾਈ ਕਰਨ ਵਾਲਾ ਸਦਾ ਸੂਰਮਾ ਜਾਂ ਬੱਲ-ਬੀਰ ਰਹਿ ਕੇ ਜੀਵਨ ਦੇ ਹਰ ਕ੍ਰਿਆ-ਕਰਮ ਵਿਚ ਵਿਚਰਦਾ ਹੈ। ਲੋਭ-ਲਾਲਚ, ਖ਼ੁਸ਼ਾਮਦ ਤੇ ਡਰ ਉਸ ਨੂੰ ਨਾ ਭਰਮਾ ਸਕਦੇ ਹਨ ਅਤੇ ਨਾ ਹੀ ਡਰਾ-ਡੁਲਾ ਸਕਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਜੀਵਨ' ਖ਼ਾਸ ਕਰ ਕੇ ਉਹਨਾਂ ਦੀ 'ਗੁਰੂ-ਪ੍ਰਤਿੱਭਾ', ਉਪਰ ਦੀ ਦ੍ਰਿਸ਼ਟੀ ਤੋਂ ਬਾਲ ਹੋਣ ਦੇ ਬਾਵਜੂਦ ਵੀ, ਗੁਰੂ-ਜੋਤਿ ਤੇ ਗੁਰੂ-ਜੁਗਤਿ ਦੀ ਦ੍ਰਿਸ਼ਟੀ ਤੋਂ ਸੰਪੂਰਨ ਵੀ ਹੈ, ਸਮਰੱਥ ਵੀ ਹੈ ਅਤੇ ਆਚਾਰ, ਵਿਚਾਰ ਤੇ ਵਿਹਾਰ ਪੱਖ ਤੋਂ ਬੱਲ-ਬੀਰਤਾ ਨਾਲ ਸ਼ਿੰਗਾਰੀ ਹੋਈ ਵੀ ਹੈ। ਭਾਈ ਗੁਰਦਾਸ ਸਿੰਘ ਜੀ ਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਉਜਾਗਰ ਕੀਤਾ, ਬੋਲ ਅਤੇ ਬਿਆਨ :

"ਹਰਿਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ"

ਜਿਥੇ ਅੰਧਿਆਤਮਿਕ ਦ੍ਰਿਸ਼ਟੀ ਤੋਂ ਸੱਚ ਹੈ, ਉਥੇ ਇਤਿਹਾਸਕ ਪੱਖ ਤੋਂ ਵੀ ਬੜਾ ਸਾਰਥਿਕ ਤੇ ਚੁਕਵਾਂ ਹੈ।

(੬) ਨਾਮ-ਸਿਮਰਨ, ਸੇਵਾ, ਸਹਜ ਤੇ ਬੱਲ-ਬੀਰਤਾ ਦੇ ਅਧਿਆਤਮਿਕ ਗੁਣਾਂ ਨੂੰ ਜਿਵੇਂ ਸੰਜੁਗਤ ਰੂਪ ਵਿਚ ਆਪਣੇ ਜੀਵਨ-ਆਚਾਰ, ਵਿਚਾਰ ਤੇ ਵਿਹਾਰ ਰਾਹੀਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਥਾਪਿਤ ਕੀਤਾ ਹੈ, ਇਹ ਪ੍ਰਚੰਡ ਤੇ ਵਿਸ਼ੇਸ਼ ਗੁਣ ਹੀ ਅੱਠਵੀਂ ਗੁਰੂ-ਜੋਤਿ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਦੇ ਪ੍ਰਤੀਕ ਹਨ।

www.AKJ.Org

ਗੁਰਮਤਿ ਨਾਮ ਦਾ ਅਭਿਆਸ

[ਸ: ਭਗਤ ਸਿੰਘ ਜੀ ਹੀਰਾ, 22/21 ਬੀ, ਤਿਲਕ ਨਗਰ, ਨਵੀਂ ਦਿੱਲੀ-18]

ਨੋਟ : 'ਸੂਰਾ' ਜੂਨ ੯੩ ਵਿਚ ਲੇਖਕ ਜੀ ਨੇ 'ਪੁਰਖ ਪੁਰਖੋਤਮ ਭਾਈ ਰਣਧੀਰ ਸਿੰਘ ਜੀ' ਲੇਖ ਵਿਚ ਭਾਈ ਸਾਹਿਬ ਜੀ ਦੇ ਜੀਵਨ-ਦਰਸ਼ਨ ਹੈਡਿੰਗ ਹੇਠ, ਭਾਈ ਸਾਹਿਬ ਦੀਆਂ ਲਿਖਤਾਂ ਦੇ ਆਧਾਰ ਤੇ ਗੁਰਮਤਿ ਸਿਧਾਂਤਾਂ—ਗੁਰਮੱਤ ਬਿਬੇਕ, ਗੁਰਮਤਿ ਰਹਿਤ ਰਹਿਣੀ, ਗੁਰਬਾਣੀ ਪਿਆਰ, ਗੁਰਬਾਣੀ ਦੀ ਅਕੱਥ ਕਥਾ ਆਦਿ—ਬਾਰੇ ਵੀਚਾਰ ਪਰਗਟ ਕਰਦਿਆਂ ਲਿਖਿਆ ਕਿ ਭਾਈ ਸਾਹਿਬ ਇਕ ਅਕਾਲ ਪੁਰਖ, ਉਸ ਤੋਂ ਵਰੋਸਾਏ ਗੁਰੂ ਸਾਹਿਬਾਨ ਅਤੇ ਦਸਾਂ ਸਤਿਗੁਰਾਂ ਦੀ ਆਤਮ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਤੇ ਪ੍ਰੇਮ-ਪ੍ਰਤੀਤ ਨਹੀਂ ਸੀ ਰਖਦੇ। ਉਸ ਲੇਖ ਵਿਚੋਂ 'ਗੁਰਮਤਿ ਨਾਮ ਦਾ ਅਭਿਆਸ' ਥਾਂ ਦੀ ਥੁੜ ਕਰਕੇ, ਉਥੇ ਨਹੀਂ ਦੇ ਸਕੇ। ਉਹ ਲੇਖ ਹੁਣ ਵਖਰਾ ਇਥੇ ਦਿਤਾ ਜਾ ਰਿਹਾ ਹੈ। —ਸੰਪਾਦਕ

ਗੁਰਮਤਿ ਨਾਮ ਦਾ ਅਭਿਆਸ—

ਭਾਈ ਸਾਹਿਬ ਫੁਰਮਾਂਦੇ ਹਨ, "ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤਰ ਦਾ ਅਭਿਆਸ ਹੀ ਸੰਭਵ ਹੈ। 'ਕਾਇਆ ਸੇਜ ਗੁਰ ਸਬਦਿ ਸੁਖਾਲੀ ..'* ਅਰਥਾਤ ਕਾਇਆਂ ਰੂਪੀ ਸੇਜ ਨੂੰ ਸਦਾ-ਸੁਖ ਗੁਰ ਸ਼ਬਦ, ਭਾਵ, ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ ਨਾਮ ਦੇ ਅਭਿਆਸ ਅੰਦਰ ਅੰਮ੍ਰਿਤ ਕਲਾ ਹੈ, ਇਸ ਅੰਮ੍ਰਿਤ ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸੁ ਵਿਗਸਦਾ ਹੈ, ਜਿਸਨੂੰ ਨਾਮ ਅਭਿਆਸੀ ਹੀ ਜਾਣਦੇ ਹਨ।" [ਗੁਰਮਤਿ ਲੇਖ, ਤੀਜੀ ਵਾਰ, ਪੰਨਾ ੨੦-੨੧]

ਇਕ ਹੋਰ ਥਾਂ ਤੇ ਲਿਖਦੇ ਹਨ, "ਗੁਰਬਾਣੀ ਤੇ ਨਾਮ ਵਿੱਚ ਮੈਂ ਕੋਈ ਭੇਦ ਨਹੀਂ ਸਮਝਦਾ ਸੀ, ਅਰਥਾਤ, ਗੁਰਬਾਣੀ ਨੂੰ ਹੀ ਨਾਮ ਸਰੂਪ ਦ੍ਰਿੜ੍ਹ ਕਰ ਮੰਨ ਲਿਆ ਹੋਇਆ ਸੀ। ਹੁਣ ਗੁਰਬਾਣੀ ਦੇ ਅਬੱਕ ਅਭਿਆਸ ਅਤੇ ਸੁਖਮਨੀ ਸਾਹਿਬ ਦੇ ਅਖੰਡ ਪਾਠਾਂ ਨੇ ਮੇਰੇ ਗੁਰਮਤਿ ਨਿਸਚੇ ਅੰਦਰ ਇਕ ਨਵੀਨ ਤਬਦੀਲੀ ਪੈਦਾ ਕੀਤੀ ਹੈ ਕਿ **ਨਾਮ ਗੁਰਬਾਣੀ ਤੋਂ ਭਿੰਨ ਨਿਰਾਲਾ ਸਰੂਪ ਰਖਦਾ ਹੈ** ਅਤੇ ਉਸੇ ਨਾਮ ਦਾ ਅਭਿਆਸ ਸੁਆਸ ਸੁਆਸ ਸੰਭਵ ਹੈ ਅਤੇ ਨਾਮ, ਕੇਵਲ ਨਾਮ ਅਭਿਆਸ ਦੁਆਰਾ ਹੀ ਨਾਮੀ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮ ਦੀ ਪ੍ਰਾਪਤੀ ਹੀ ਮੇਰੇ ਖ਼ਾਲਸਾ ਧਰਮ ਧਾਰਨ ਕਰਨ ਦਾ ਮੁਖ ਪ੍ਰਯੋਜਨ ਸੀ ਤੇ ਇਹ ਭੀ ਮੈਨੂੰ ਨਿਸਚੇ ਹੋ ਗਿਆ ਕਿ ਗੁਰਮਤਿ ਨਾਮ ਇਕ ਹੈ, ਪਰ ਗੁਰਬਾਣੀ ਅੰਦਰ ਮੈਂ ਅਨੇਕ ਨਾਮ ਦੇਖਾਂ। [ਜੇਲ੍ਹ ਚਿਠੀਆਂ, ਛੇਡੀਂ ਵਾਰ, ਪੰਨਾ ੪੨-੪੩]

ਭਾਈ ਸਾਹਿਬ ਗੁਰਬਾਣੀ ਨੂੰ ਨਾਮ ਅਭਿਆਸ ਦ੍ਰਿੜ੍ਹ ਕਰਾਉਣ ਵਾਲੀ ਇਕ ਅਲੌਕਿਕ ਪ੍ਰੇਰਕ ਮੰਨਦੇ ਹਨ ਤੇ ਕਹਿੰਦੇ ਹਨ, "ਬਾਣੀ ਨਾਮ ਦੇ ਅਭਿਆਸ ਨੂੰ ਦ੍ਰਿੜ੍ਹ ਕਰਾਉਂਦੀ ਹੈ ਤੇ ਨਾਮ ਸਿਮਰਨ ਨਾਲ ਬਾਣੀ ਦੇ ਉਚ ਮੰਜ਼ਲੀ ਰੂਹਾਨੀ ਕੌਤਕਾਂ ਵਾਲੇ ਭੇਦ ਖੁਲ੍ਹਦੇ ਹਨ।" [ਗੁਰਮਤਿ ਲੇਖ, ਤੀਜੀ ਵਾਰ, ਪੰਨਾ ੬]

"ਗੁਰਬਾਣੀ ਖ਼ੁਦ ਭੀ ਗੁਰ ਸ਼ਬਦ ਰੂਪ ਹੈ। ਹਰ ਇਕ ਸ਼ਬਦ ਭੀ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਦੇ ਸ਼ਬਦ ਇਕ ਖਾਸ ਗੁਰ ਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤ ਸਾਰ ਹੈ, ਜੋ ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ, ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ। ਜਿਸਦੇ ਸੁਆਸ ਸੁਆਸ ਅਭਿਆਸ ਦਾ, ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ।" [ਓਹੀ, ਪੰਨਾ ੧੯]

"ਗੁਰ ਸ਼ਬਦ ਦੇ ਅਭਿਆਸ ਦੁਆਰਾ ਸ੍ਵਾਸ ਲੇਖੇ ਲਗ ਜਾਂਦਾ ਹੈ। ਇਕ ਸੁਆਸ ਵੀ ਵਿਰਥਾ ਨਹੀਂ ਜਾਂਦਾ ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਉਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ'

*ਸੂਹੀ ਮ: ੪ ਛੰਤ, ॥੧॥੧॥ ਪੰਨਾ ੭੭੩

www.AKJ.Org

ਰਸਨਾ ਦੁਆਰਾ, ਅਥਵਾ ਸੁਆਸਾਂ ਦੁਆਰਾ ਯਾ ਸੁਰਤੀ ਦੁਆਰਾ। ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ ਪੰਚ ਦੂਤ ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿਚ ਚਲਦਾ ਰਹਿੰਦਾ ਹੈ।" (ਓਹੀ, ਪੰਨਾ ੨੩–੨੪)

ਗੁਰਮਤਿ ਨਾਮ ਸੰਬੰਧੀ ਆਪ ਲਿਖਦੇ ਹਨ, "ਗੁਰਮਤਿ ਨਾਮ (ਅਕਾਲ ਪੁਰਖ ਦਾ ਲਖਾਇਕ ਨਾਮ) ਆਮ ਨਾਵਾਂ ਦੀ ਸੰਗਿਆ ਸ਼੍ਰੇਣੀ ਵਿਚ ਨਹੀਂ ਆ ਸਕਦਾ . ਜਿਵੇਂ ਅਕਾਲ ਪੁਰਖ ਸੈਭੰ ਰੂਪ (ਸੁਤੇ ਪ੍ਰਕਾਸ਼) ਹੈ (ਆਪੇ ਆਪਿ ਨਿਰੰਜਨੁ ਸੋਇ) ਤਿਵੇਂ ਹੀ ਉਸਦਾ ਨਾਮ ਭੀ ਸੈਭੰ ਸਰੂਪ ਹੈ। ..ਹੋਰ ਸਰਬਤ੍ਰ (ਸਾਰੇ) ਨਾਉਂ ਅਸਤਿ ਤੇ ਕਿਰਤਮ ਨਾਮ ਹਨ। ਗੁਰਮਤਿ ਨਾਮ ਕਿਰਤਮ ਨਹੀਂ, ਪਰ ਪੂਰਬਲਾ ਅਕਾਲ ਪੁਰਖ ਦੀ ਸੈਭੰ ਰਚਨਾ ਦੇ ਐਨ ਨਾਲ ਉਸਦੀ ਆਪਣੀ ਰਚਨਾ ਦਵਾਰਾ ਰਚਿਆ ਹੋਇਆ ਅਰਥਾਤ ਉਸਦਾ ਆਪ ਰਖਿਆ ਹੋਇਆ ਨਾਮ ਹੈ। ਇਸ ਕਰਕੇ ਇਹ ਨਾਮ ਸਤਿ ਹੈ। ਸਤਿ ਪੁਰਖ ਦਾ ਨਾਮ ਭੀ ਸਤਿ ਹੈ :–

ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿਨਾਮੁ ਤੇਰਾ ਪਰਾ ਪੂਰਬਲਾ ॥"

[ਮਾਰੂ ਮ: ਪ, ਪੰਨਾ ੧੦੮੩

ਸਤਿਨਾਮ ਸ਼ਬਦ ਦੀ ਵਿਆਖਿਆ ਕਰਦਿਆਂ ਹੋਇਆਂ ਆਪ ਲਿਖਦੇ ਹਨ, "ਲਫ਼ਜ਼ ਸਤਿਨਾਮ ਗੁਰਮੰਤ੍ਰ ਦਾ ਲਖਾਇਕ ਵਿਸ਼ੇਸ਼ਣ ਹੈ। ਗੁਰ ਪ੍ਰਸਾਦਿ ਜਪਣ ਜੋਗ ਗੁਰਮਤਿ ਨਾਮ ਜੋ ਹੈ, ਸੋ ਵਖਰੇ ਸੁ ਅਖਰਾਂ (ਸ੍ਰੇਸ਼ਟ ਅਖਰਾਂ) ਵਿਚ ਹੈ, ਜਿਸਦੇ ਅਖਰ ਵੀ ਚਾਰ ਹੀ ਹਨ, ਪਰ ਗੁਰਮੰਤ੍ਰ ਰੂਪ ਹੋਣ ਕਰਿ ਤਿਸਦਾ ਆਮ ਤੇਰ ਤੇ ਅਖਰਾਂ ਵਿਚ ਪ੍ਰਗਟਾਉਣਾ (ਜ਼ਾਹਿਰ ਕਰਨਾ) ਜਿਤਾਉਣਾ ਇਕ ਹੋਛੀ ਗੱਲ ਹੈ। ਇਹ ਗੁਹਜ ਗੁਰਮੰਤ੍ਰ ਧੁਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਾਈਂ ਗੁਹਜ ਦਸ਼ਾ ਵਿਚ ਹੀ ਸੀਨਾ ਬਸੀਨਾ ਚਲਿਆ ਆਇਆ ਹੈ। ਖ਼ੁਦ ਅਕਾਲ ਪੁਰਖ ਨੇ ਇਸਨੂੰ ਅਜ਼ਲ ਤੋਂ ਹੀ ਗੁਹਜ (ਗੁਪਤ) ਰਖਿਆ ਅਤੇ ਕੇਵਲ ਗੁਰੂ ਨਾਨਕ ਸਾਹਿਬ ਪ੍ਰਤੀ ਹੀ ਇਸਨੂੰ ਪ੍ਰਗਟਾਇਆ।

ਗੁਰਬਾਣੀ ਅੰਦਰਿ ਭੀ ਇਸ ਗੁਰਮਤਿ ਨਾਮ (ਗੁਰਮੰਤ੍ਰ) ਨੂੰ ਬਹੁਤ ਹਦ ਤਾਈਂ ਗੁਹਜ ਹੀ ਰਖਿਆ ਗਿਆ ਹੈ ਤੇ ਆਮ ਤੌਰ ਪਰ ਗੁਰਮਤਿ ਨਾਮ ਲਖਾਇਕ ਹੋਰ ਹੋਰ 'ਰਾਮ' 'ਹਰਿ' ਆਦਿਕ ਸੰਗਿਆ ਹੀ ਦਿਤੀਆਂ ਗਈਆਂ ਹਨ। ਪਰੰਤੂ ਇਨ੍ਹਾਂ ਸੰਗਿਆ ਵਾਲਾ ਨਾਮ ਸਤਿਨਾਮੁ ਨਹੀਂ, ਕਿਉਂਕਿ ਗੁਰਮਤਿ ਸਤਿਨਾਮ ਹੈ। ਇਸਦੀ ਕਿਰਤਮ ਕਰਤਤ੍ਰ ਸੰਗਿਆ ਹੀ ਕੀ ? ਏਥੇ ਟੂਕ ਮਾਤ੍ਰ ਏਤਨਾ ਲਿਖ ਦੇਣਾ ਯੋਗ ਹੋਵੇਗਾ ਕਿ ਕਿਰਤਮ ਨਾਮ 'ਰਾਮ' 'ਰਾਮ' ਆਦਿ ਦੀ ਸਤਿਨਾਮ ਨਾਲ ਕੋਈ ਤੁਲਨਾ ਹੀ ਨਹੀਂ ਹੋ ਸਕਦੀ, ਪਰ ਕਿਰਤਮ ਨਾਮਾਂ ਦਾ ਅਭਿਆਸ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕਈ ਦਰਜੇ ਗੁਣਕਾਰੀ ਹੈ।ਚਾਹੇ ਸਤਿਨਾਮ ਦੀ ਕਲਿਆਣ ਕਲਾ ਦੇ ਤੁਲ ਨਹੀਂ, ਪਰੰਤੂ ਭਗਤੀ ਕਲਾ ਉਪਜਾਇਕ ਤੇ ਭਗਤ ਉਪਾਸ਼ਯ ਦੇ ਨੇੜੇ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਸਹਾਈ ਹੈ।" [ਨਾਮ ਤੇ ਨਾਮ ਦਾ ਦਾਤਾ ਸਤਿਗੁਰੂ, ਦੂਜੀ ਵਾਰ, ਪੰਨਾ ੧੦-੧੧-੧੨]

ਕਿਰਤਮ ਨਾਮ ਬਾਰੇ ਆਪ ਦਾ ਵਿਚਾਰ ਹੈ :–

'ਕਿਰਤਮ ਨਾਮ ਕੁਝ ਕਾਲ ਲਈ ਸੁਰਗ ਬਹਿਸ਼ਤਾਂ ਦੇ ਮੰਡਲਾਂ ਦੀ ਸੁਖ-ਮੌਜ ਕਲਿਆਣ ਭੀ ਭੁੰਚਾ ਸਕਦੇ ਹਨ, ਪਰ ਚਰਨ ਕੰਵਲਾਂ ਦੀ ਮੌਜ ਦੇ ਅਭਿਲਾਖੀ ਗੁਰਮਤਿ ਨਾਮ ਅਭਿਆਸੀ ਸਤਿਨਾਮ ਦੇ ਉਪਾਸ਼ਕ ਮੁਕਤਿ ਬਪੜੀ ਦੇ ਬਿਉਪਾਰੀ ਨਹੀਂ ਬਣਦੇ..

ਕਿਰਤਮ ਨਾਮਾਂ ਦੇ ਮਨ-ਉਕਤਿ ਜਾਪ ਮਨ-ਉਕਤਿ ਭਾਵਨੀ ਅਨੁਸਾਰ, ਮਨ-ਉਕਤਿ ਕਿਰਤਮ ਮੰਡਲਾਂ ਅਰਥਾਤ ਕਿਰਤਮ ਨਾਮ ਦੇ ਉਪਾਸ਼ਯ ਸ਼ਿਵ ਮੰਡਲ ਪੁਰੀ, ਬ੍ਰਹਮਪੁਰੀ, ਇੰਦਰਪੁਰੀ ਆਦਿ ਦਾਇਰਿਆਂ ਅੰਦਰ ਹੀ ਮੁਕਤੀ-ਦਾਇਕ ਹਨ. ਗੁਰਮਤਿ-ਆਦਰਸ਼ਕ ਮੁਕਤੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ। ਇਹ ਕੇਵਲ ਸਤਿਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਕਰਕੇ ਹੀ ਪ੍ਰਾਪਤ ਹੋਣੀ ਸੰਭਵ ਹੈ।" [ਓਹੀ, ਪੰਨਾ ੬੩]

www.AKJ.Org

ਆਖ਼ਰ ਗੁਰਮਤਿ ਨਾਮ ਹੈ ਕੀ ? ਸਤਿਨਾਮ ਕੀ ਗੁਰਮੰਤ੍ਰ ਨਹੀਂ ਤਾਂ ਗੁਰਮੰਤ੍ਰ ਕਿਹੜਾ ਹੈ ?

ਭਾਈ ਸਾਹਿਬ ਦਾ ਉੱਤਰ ਇਹ ਹੈ :—

"ਸਤਿਨਾਮ ਪ੍ਰਸਾਦਿ ਰੂਪ ਹੈ। ਸਤਿ ਪਦਾਰਥ ਹੈ ਹੀ ਸਤਿਨਾਮ। ਏਸ ਬਿਨਾ ਹੋਰ ਸਭ ਪਦਾਰਥ ਅਸਤਿ ਹਨ। 'ਸਚੇ ਦਾ ਸਚਾ ਢੋਆ' ਜਿਸ ਪਟਕਾਰ ਅਕਾਲ ਪੁਰਖ ਇਕ ਹੈ, ਇਸੇ ਤਰ੍ਹਾਂ ਉਸਦਾ ਨਾਮ ਸਤਿਨਾਮ (ਸੱਚਾ ਨਾਮ) ਭੀ ਇਕੋ ਹੈ ਅਤੇ ਉਸ ਇਕ ਨਾਮ ਦੀ ਰਿਆਨ-ਲਖ਼ਤਾ ਭੀ ਯਾ ਇਕੋ ਸਤਿ ਪੁਰਖ ਅਕਾਲ ਪੁਰਖ ਨੂੰ ਯਾ ਅਕਾਲ ਪੁਰਖ ਦੀ ਨਿਜ ਨਿਰੰਜਨੀ ਜੋਤਿ ਇਕੋ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਹੋਈ। ਇਕੋ ਸਤਿਗੁਰੂ ਦੇ ਪਦ (ਅਛਜ) ਖ਼ਾਸ ਜ਼ੋਰ (Force) ਨਾਲ ਇਸ ਕਰਕੇ ਵਰਤੇ ਹਨ ਕਿਉਂਕਿ ਗੁਰਵਾਕ ਹੈ :—

ਸਤਿਗੁਰ ਬਾਝਹੁ ਗੁਰੁ ਨਹੀ ਕੋਈ.. ॥੧੩॥ (ਪੰਨਾ ੪੩੫)

ਸੱਚਾ ਗੁਰੂ ਅਰਥਾਤ ਸਤਿਗੁਰੂ ਸਤਿਨਾਮ ਦੇ ਪ੍ਰਗਟਾਵਣਹਾਰਾ ਜੇਕਰ ਕੋਈ ਪ੍ਰਗਟ ਹੋਇਆ ਤਾਂ ਉਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਦਸਾਂ ਜਾਮਿਆਂ ਵਿਚ ਹੋਏ।"

[ਗੁਰਮਤਿ ਲੇਖ, ਤੀਜੀ ਵਾਰ, ਪੰਨਾ ੩੧-੩੨]

"ਉਸ ਬੇਅੰਤ ਪ੍ਰਭੂ ਨੂੰ ਪੂਰੇ ਸ਼ਬਦ ਦੁਆਰਾ ਹੀ ਸਲਾਹਿਆ ਜਾ ਸਕਦਾ ਹੈ। ਯਥਾ ਗੁਰਵਾਕ :—

ਪੂਰੈ ਸਬਦਿ ਸਲਾਹੀਐ ਜਿਸਦਾ ਅੰਤੁ ਨ ਪਾਰਾਵਾਰ ॥੯॥ (ਪੰਨਾ ੬੮)

ਇਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦਸਿਆ ਦ੍ਰਿੜ੍ਹਾਇਆ ਹੋਇਆ ਕੇਵਲ ਗੁਰਮਤਿ ਨਾਮ, ਗੁਰਮੰਤਰ ਹੀ ਹੈ, ਜਿਹਾ ਕਿ ਭਾਈ ਗੁਰਦਾਸ ਜੀ ਨੇ ਸਪੱਸ਼ਟ ਕਰਕੇ ਪ੍ਰਗਟ ਕੀਤਾ ਹੈ :—

ਨਮਸਕਾਰ ਗੁਰ ਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥
ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥ ਮਾਹਿ ਸਮਾਇਆ ॥ [ਵਾਰ ੧, ਪਉੜੀ ੧]

ਭਾਈ ਗੁਰਦਾਸ ਜੀ ਸਾਫ਼ ਦਸਦੇ ਹਨ ਕਿ ਨਾਮ ਦਾ ਦਾਤਾ ਸਤਿਗੁਰੂ ਨਾਨਕ ਦੇਵ ਤੇ ਉਹਨਾਂ ਦੇ ਬਾਕੀ ਗੁਰੂ ਸਰੂਪ ਗੁਰੂ ਸਾਹਿਬਾਨ ਨੂੰ ਨਮਸ਼ਕਾਰ ਹੈ, ਜਿਸਨੇ ਸਤਿਨਾਮ ਦਾ ਮੰਤਰ ਸੁਣਾ ਕੇ ਭੈ-ਸਾਗਰ ਵਿਚੋਂ ਕਢ ਕੇ ਮੁਕਤਿ ਕਰ ਦਿਤਾ। ਉਹ ਸਤਿਨਾਮ ਮੰਤਰ ਕਿਹੜਾ ਹੈ, ਏਸ ਨੂੰ ਉਹ ਏਸ ਤਰ੍ਹਾਂ ਸਪੱਸ਼ਟ ਕਰਦੇ ਹਨ :—

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥ [ਵਾਰ ੧੩, ਪਉੜੀ ੨]

ਇਹ ਗੁਰਮੰਤ੍ਰ ਵਾਹਿਗੁਰੂ ਹੀ ਹੈ, ਜਿਸਦੇ ਜਪਣ ਨਾਲ ਹਉਮੈ ਦੂਰ ਹੁੰਦੀ ਹੈ। ਇਹੋ ਸਤਿਨਾਮੁ ਹੈ, ਏਸ ਤੋਂ ਬਿਨਾ ਬਾਕੀ ਰਾਮ, ਹਰੀ ਆਦਿ ਸਭ ਕਿਰਤਮ ਨਾਮ ਹਨ, ਜਿਨ੍ਹਾਂ ਦਾ ਜਾਪੁ-ਸਿਮਰਨ ਵਾਹਿਗੁਰੂ ਸਤਿਨਾਮ ਮੰਤਰ ਦੇ ਤੁਲ ਨਹੀਂ :—

ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿਨਾਮੁ ਤੇਰਾ ਪਰਾ ਪੂਰਬਲਾ ॥੨੦॥" [ਪੰਨਾ ੧੦੮੩]

[ਨਾਮ ਤੇ ਨਾਮ ਦਾ ਦਾਤਾ ਸਤਿਗੁਰੂ, ਦੂਜੀ ਵਾਰ, ਪੰਨਾ ੩੩]

"ਨਾਮ ਗੁਰੂ ਰੂਪ ਹੈ। ਗੁਰੂ ਹੈ ਹੀ ਵਾਹਿਗੁਰੂ। ਗੁਰ ਸ਼ਬਦ ਗੁਰ ਮੂਰਤਿ ਹੈ, ਗੁਰ ਮੂਰਤਿ ਗੁਰ ਸ਼ਬਦ ਹੈ। ਗੁਰੂ ਵਾਹਿਗੁਰੂ ਨੇ ਸ਼ਬਦ ਦੀ ਮੂਰਤੀ ਰੂਪ ਸਰੂਪ ਧਾਰਨ ਕੀਤਾ ਤਾਂ ਸਾਡੀ ਕਲਿਆਣ ਦਾ ਧੁਰਵਾ ਬੱਝਾ। ਨਿਰਗੁਣ ਸਰੂਪ ਤੋਂ ਵਾਹਿਗੁਰੂ ਅਕਾਲ ਪੁਰਖ ਨੇ ਵਾਹਿਗੁਰੂ ਸ਼ਬਦ ਦਾ ਆਕਾਰ ਖ਼ਾਸ ਪਰਉਪਕਾਰ ਨਮਿਤ ਧਾਰਨ ਕੀਤਾ। ਇਸ ਪਰ-ਉਪਕਾਰੀ ਸ਼ਬਦ ਅਕਾਰੀ ਗੁਰ ਮੂਰਤਿ ਦੁਆਰਾ ਹੀ 'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ'* ਵਾਲਾ ਸਾਂਗ ਵਰਤਿਆ।" - [ਗੁਰਮਤਿ ਲੇਖ, ਤੀਜੀ ਵਾਰ, ਪੰਨਾ ੩੫-੩੬]

ਇਥੇ ਇਹ ਦਸ ਦੇਣਾ ਕੋਈ ਕੁਥਾਂ ਨਹੀਂ ਹੋਵੇਗਾ ਕਿ ਕਈ ਸਜਨਾਂ ਨੂੰ ਅਜੇ ਵੀ ਇਹ ਭੁਲੇਖਾ ਹੈ ਕਿ ਭਾਈ ਸਾਹਿਬ ਭਸੌੜੇ ਦਿਖ ਸਨ। ਪਰ ਇਹ ਭੁਲੇਖਾ ਨਿਰਮੂਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ੁਰੂ ਸ਼ੁਰੂ ਵਿਚ ਆਪ 'ਪੰਚ ਖਾਲਸਾ ਦੀਵਾਨ' ਵਿਚ ਰਹੇ ਸਨ। ਓਦੋਂ ਖਾਲਸਾ ਦੀਵਾਨ ਭਸੌੜ ਗੁਰਮਤਿ ਦਾ ਪਰਚਾਰ ਕਰਨ ਵਿਚ

*ਸੂਹੀ ਮਹਲਾ ੫, ਪੰਨਾ ੭੪੯

www.AKJ.Org

ਸਿਰ-ਕੱਢ ਸੀ। ਪਰ ਪਿਛੋਂ ਜਹੇ ਆ ਕੇ ਬਾਬੂ ਤੇਜਾ ਸਿੰਘ, ਜੋ ਦੀਵਾਨ ਦੇ ਕਰਤਿਆਂ ਧਰਤਿਆਂ ਵਿਚੋਂ ਸਿਰਮੌਰ ਸੀ, ਨੂੰ ਭਾਵੀ ਨੇ ਭਰਮਾ ਲਿਆ। ਉਸ ਦੀ ਅਜਿਹੀ ਬੁਧ ਫਿਟੀ ਕਿ ਉਸ ਨੇ ਗੁਰਮੰਤ੍ਰ ਦਾ ਰੂਪ ਬਦਲਣ (ਵਾਹਿਗੁਰੂ ਦੀ ਥਾਵੇਂ ਵਾਹ ਗੁਰ) ਦੇ ਪਰਚਾਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਵਿਚੋਂ ਭਗਤ-ਬਾਣੀ ਅਤੇ ਭੱਟ-ਬਾਣੀ ਆਦਿ ਨੂੰ ਨਿਖੇੜਨ ਦੀ ਕੁਹਜੀ ਹਰਕਤ ਕੀਤੀ। ਇਸਦੇ ਫਲ ਸਰੂਪ ਉਸ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ। ਭਾਈ ਸਾਹਿਬ ਨੇ ਪੰਥ ਦਾ ਹੁਕਮ ਮਨ, ਬਚ ਤੇ ਕਰਮ ਨਾਲ ਮੰਨਿਆ ਅਤੇ ਜੇਲ੍ਹ ਤੋਂ ਰਿਹਾ ਹੋ ਕੇ ਜਦ ਆਪ ਘਰ ਆਏ ਤਾਂ ਘਰ ਮਿਲਣ ਆਏ ਬਾਬੂ ਤੇਜਾ ਸਿੰਘ ਨੂੰ ਭਾਈ ਸਾਹਿਬ ਨੇ ਮੂੰਹ ਨਾ ਲਾਇਆ। ਗੁਰਮੰਤਰ ਸੰਬੰਧੀ ਭਾਈ ਸਾਹਿਬ ਲਿਖਦੇ ਹਨ :—

"ਦਾਸ ਹਰਗਿਜ਼ ਆਪਣੀ ਹਯਾਤ ਵਿਚ ਕਦੇ ਭੀ 'ਵਾਹ ਗੁਰ' ਗੁਰਮੰਤਰ ਦਾ ਸ਼ਰਧਾਵਾਨ ਜਾਂ ਸਿਮਰਨਹਾਰਾ ਨਹੀਂ ਹੋਇਆ।" [ਨਾਮ ਤੇ ਨਾਮ ਦਾ ਦਾਤਾ ਸਤਿਗੁਰੂ, ਪੰਨਾ ੧੮੩]

ਸਾਧਨ ਪੱਖ—

ਭਾਈ ਸਾਹਿਬ ਆਪਣੇ ਨਿਜੀ ਤਜਰਬੇ ਦੇ ਆਧਾਰ ਤੇ ਗੁਰਮਤਿ ਨਾਮ ਦੀ ਅਭਿਆਸ-ਕਮਾਈ ਤੋਂ ਪ੍ਰਾਪਤ ਹੋਈ ਗਿਆਨ ਲੋਅ ਨੂੰ ਇਸ ਤਰ੍ਹਾਂ ਪ੍ਰਕਾਸ਼ਦੇ ਹਨ :—

"ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਦਿਆਂ ਕਰਦਿਆਂ ਸੁਤੇ ਸਹਿਜ ਹੀ ਇਕ ਐਸੀ ਆਤਮ ਅਵਸਥਾ ਆ ਜਾਂਦੀ ਹੈ ਕਿ ਸ਼ਬਦ (ਗੁਰ ਸ਼ਬਦ ਮੰਤ੍ਰ) ਦਾ ਪ੍ਰਾਣਾਜਾਪ, ਬਿਲੋਵਨਾ, ਰਸ ਜੋਤਿ-ਅਨੰਦ ਰਿਦੰਤਰਿ ਹੀ ਪ੍ਰਕਾਸ਼ਤ ਕਰ ਦਿੰਦਾ ਹੈ। ਜਿਸ ਰਸ-ਜੋਤਿ ਅਨੰਦ ਪਰਾਇਣ ਹੋ ਕੇ ਸ਼ਬਦ ਰਸ-ਜੋਤਿ-ਪਵਨ ਨਾਭੀ ਅੰਦਰ ਹੀ ਅਟਕ ਖੜੋਂਦੀ ਹੈ ਅਤੇ ਨਾਭੀ ਦੇ ਅੰਦਰੋਂ ਸੁਰਤਿ ਸ਼ਬਦ ਦੇ ਜੋਤਿ-ਤਸੰਨੇ ਵੇਗ ਨਾਲ ਨਾਭ-ਕੰਵਲ ਨੂੰ ਉਲਟਾਇ ਕੇ ਸੁਖੈਨ ਹੀ ਦਸਮ ਦੁਆਰ ਓਰ ਸਿਧੀ ਹੀ ਜਾ ਪਰਵਾਜ਼ ਕਰਦੀ ਹੈ। ਖਟ ਚਕ੍ਰਾਂ ਦੇ ਖਟ ਰਾਗ ਵਿਚ ਅਟਕਣਾ ਹੀ ਨਹੀਂ ਪੈਂਦਾ। ਏਹਨਾਂ ਖੱਟ ਚਕ੍ਰਾਂ ਨੂੰ ਓਹ ਬਿਜਲੀ ਦੀ ਛੜੀ ਨਾਲ ਭੇਦ ਛੇਤ ਕੇ ਉਤਾਹਾਂ ਗਗਨੰਤਰੀ ਜਾ ਚੜ੍ਹਦੀ ਹੈ ਅਤੇ ਅਭਿਆਸੀ ਜਨਾਂ ਦੀ ਸੁਰਤੀ ਸ਼ਬਦ-ਰੰਸ-ਰੰਗ-ਰਤੀ ਹੋ ਕੇ ਸਰਬ ਕਲਪਨਾ ਰਹਿਤ ਅਛੁਰ ਪਰਮਾਤਮਾ ਪ੍ਰੀਤਮ ਦੇ ਪ੍ਰੇਮ ਵਿਚ ਪਰਵੇਧੀ ਰਹਿੰਦੀ ਹੈ।"

[ਅਨਹਦ ਸ਼ਬਦ-ਦਸਮ ਦੁਆਰ, ਪ੍ਰਾਣਾਜਾਪ, ਪੰਨਾ ੧੦੪]

"ਤਿਨ੍ਹਾ ਨੂੰ ਹੱਠ ਯੋਗ ਦੇ ਖਟ ਚਕ੍ਰੀ ਖਟ ਰਾਗ ਵਿਚ ਪੈਣਾ ਨਹੀਂ ਪੈਂਦਾ। ਨਾ ਹੀ ਪ੍ਰਾਣਾਯਾਮ ਦੀ ਤੱਤੀਖਿਆ ਸਹਿਣੀ ਪੈਂਦੀ ਹੈ। ਫੇਕਟ ਪ੍ਰਾਣਾਯਾਮ ਦੁਆਰਾ ਮਨ ਨਹੀਂ ਮਰਦਾ। ਇਸਦੇ ਫੁਰਨੇ ਨਹੀਂ ਮਿਟਦੇ, ਕਦੇ ਭੀ ਅਫੁਰ ਨਹੀਂ ਹੁੰਦਾ। ਮਨ ਤਾਂ ਗੁਰਮਤਿ ਅਭਿਆਸ ਦੁਆਰਾ ਵਰਤਿ ਆਉਂਦਾ ਹੈ ਅਤੇ ਉਲਟ ਕੇ ਸਨਾਤਨ ਆਤਮ ਅੰਜੀਆ ਹੋ ਕੇ ਪਰਮਾਤਮ ਤੱਤ ਵਿਚ ਸਮਾਈ ਕਰਨਹਾਰਾ ਹੋ ਜਾਂਦਾ ਹੈ। ਇਸ ਪਦ ਪੁਰਤਨਾ ਗੁਰ ਪ੍ਰਸਾਦ ਕਰਕੇ ਹੀ ਪ੍ਰਾਪਤ ਹੁੰਦਾ ਹੈ।" [ਓਹੀ, ਪੰਨਾ ੧੦੪]

"ਏਨ੍ਹਾ ਅਗਿਆਨ ਇੰਦ੍ਰਿਆਂ ਤੋਂ ਅਦ੍ਰਿਸ਼ਟ, ਇਸ ਦ੍ਰਿਸ਼ਟਮਾਨ ਪਸਾਰੇ ਤੋਂ ਅਗੋਚਰ ਅਪ੍ਰੰਪਰ ਜੋ ਹੈ, ਸੋਈ ਤੱਤ ਗਿਆਨ ਲਿਵ ਧਿਆਨ ਰੂਪੀ ਸੱਚੇ ਬਿਬੇਕ ਬੀਚਾਰ ਲਾਇਕ ਰਖਣ ਯੋਗ ਅਮਰ ਪਦਾਰਥ ਹੈ। ਸੋ ਗੁਰਮਤਿ ਜਗਿਆਸਾ ਦੇ ਉੱਤਮ ਅਭਿਆਸ ਧਿਆਤਾ ਨੂੰ ਓਸੇ ਅਮਰ ਪਦਾਰਥ ਪਾਰਬ੍ਰਹਮ ਵਿਖੇ ਹੀ ਸੁਰਤੀ ਬਿਰਤੀ ਜੋੜੀ ਰਖਣਾ ਲਾਜ਼ਮੀ ਹੈ। ਅਗਿਆਨ ਇੰਦ੍ਰਿਆਂ ਦੀ ਚੇਜ਼ਟਾ ਵਾਲੇ ਨਵੇਂ ਦੁਆਰਿਆਂ ਤੋਂ ਸੁਰਤੀ ਬਿਰਤੀ ਨੂੰ ਹਟਾਇ ਉਚਟਾਇ ਕੇ ਲਿਵਤਾਰ ਜੋੜ ਕੇ ਪ੍ਰਾਣ-ਜਾਪ ਸਈ ਗੁਰਮਤਿ ਨਾਮ ਅਭਿਆਸ ਕਮਾਈ ਵਿਖੇ ਲੀਨ ਰਖਿਆਂ ਦਸਮ ਦੁਆਰ ਨੂੰ ਕੁੰਜੀ ਲਗ ਜਾਂਦੀ ਹੈ। ਅਰਥਾਤ, ਦਸਮ ਦੁਆਰਾ ਖੁਲ੍ਹ ਜਾਂਦਾ ਹੈ। ਇਸ ਬਿਧਿ ਦਸਮ ਦੁਆਰ ਖੁਲ੍ਹਿਆਂ ਹੀ ਦਇਆਲ ਪੁਰਖ ਅਕਾਲ ਦਾ ਦੀਦਾਰਾ ਪ੍ਰਾਪਤ ਹੁੰਦਾ ਹੈ। ਗੁਰਮੰਤਰ ਗੁਰਮਤਿ ਨਾਮ ਦਾ ਉਰਧ-ਗਾਮੀ ਉਰਧ ਅਰਧਾਮੀ ਅੰਤਰਿ ਬਾਹਰ ਸੁਆਸ ਉਰਧਾਰੀ ਅਭਿਆਸ ਜਾਰੀ ਰਖੇ, ਅਰਥਾਤ, ਪ੍ਰਾਣ ਸੁਆਸਾਂ ਦੇ ਨਭ ਨਾਭ ਵਿਚ ਵਗਦੇ ਸਹਜ ਵੇਗ ਦਾ ਨਾਮ-ਅਭਿਆਸੀ ਬਿਲੋਵਣਾ ਹਰ ਦਮ ਬਿਲੋਈ ਹੀ ਜਾਵੇ।

www.AKJ.Org

ਉਪਰ ਨੂੰ ਸੁਆਸ ਜਾਵੇ ਤਾਂ ਭੀ ਨਾਮ ਅਭਿਆਸ ਦੇ ਬਿਲੋਵਣੇ ਸੰਦੂਕਤ ਜਾਵੇ, ਹੇਠਾਂ ਆਵੇ ਤਾਂ ਭੀ ਸੁਆਸ ਅਭਿਆਸੀ ਬਿਲੋਵਣੇ ਨਾਲ ਜੁੜਿਆਂ ਹੀ ਆਵੇ। ਏਸ ਅਰਥ ਉਰਧੀ ਅਭਿਆਸੀ ਦੁਆਰਾ ਹੀ ਦਸਮ ਦੁਆਰੇ ਦੇ ਖੁਲ੍ਹਣ ਦੀ ਬਿਉਂਤ ਦਾ ਕੁੰਜੀ-ਖੁਲ੍ਹੇਰਾ ਨਿਬੇੜਾ ਹੈ। ਸੁਰਤੇ ਮਨ ਦਾ ਏਸ ਅਰਥਹਿ ਉਰਧੀ ਅਭਿਆਸ ਲਿਵਤਾਰ ਦੇ ਮੰਝਾਰ ਹੀ ਸੁਰਤਿ ਬਿਰਤ ਬਸੇਰਾ ਸੁਆਸ ਸੁਆਸ ਰਹਿਣਾ ਅਤੇ ਏਸ ਸਾਸ ਗ੍ਰਾਸ ਹਰਹਟ (ਹਲਟ) ਨੂੰ ਸਦਾ ਹੀ ਨਿਸ-ਬਾਸਰ ਚਲਾਈ ਰਖਣਾ ਹੀ ਗੁਰਮਤਿ ਅਭਿਆਸੀ ਜਨ ਦਾ ਉੱਤਮ ਕਰਤੱਬ ਹੈ। ਇਸ ਬਿਧਿ ਅਰਧ ਉਰਧੀ ਸੁਆਸ ਅਭਿਆਸ ਦਾ ਬਿਲੋਵਣਾ ਜਾਰੀ ਰਖਦਿਆਂ, ਰਸ ਨਾਭ ਵਿਚ ਪ੍ਰਾਣਾਂ ਨੂੰ ਪਰੋਇ ਕੇ ਉਥੇ ਹੀ ਛਡ ਰਖੀਏ ਅਤੇ ਸੁਰਤੀ ਊਰਧ-ਗਾਮੀ ਕਰ ਕੇ ਸਣੇ ਸੁਆਸਾਂ ਦੇ ਦਸਮ ਦੁਆਰ ਬਿਸਰਾਮੀ ਕਰ ਦਈਏ ਤਾਂ ਨਭ ਜੋਤਿ ਦੀ ਜੋਤਿ-ਰਸ ਧਾਰ ਇਕੋ ਸੰਗਮ-ਥੰਮ੍ਹ ਵਿਚ ਥੰਮ੍ਹ ਖਲੋ'ਦੀ ਹੈ। ਇਸ ਬਿਧਿ ਅਰਧ ਉਰਧ ਦੇ ਸੰਗਮ ਮਿਲਾਪ ਹੋਇਆਂ ਹੀ ਪਰਮ ਸੁਖ ਮਹਾਂ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ :—

ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥੨੪॥
ਧਧਾ ਅਰਧਹਿ ਉਰਧਿ ਨਿਬੇਰਾ ॥ ਅਰਧਹਿ ਉਰਧਹ ਮੰਝਿ ਬਸੇਰਾ ॥
ਅਰਧਹ ਛਾਡਿ ਉਰਧ ਜਉ ਆਵਾ ॥
ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥ [ਪੰਨਾ ੩੪੧]

[ਓਹੀ, ਪੰਨਾ ੧੦੮-੦੯]

'ਗੁਰਮਤਿ ਸਹਿਜ ਯੋਗ ਦੀ ਉਲਟ ਪਵਨਾਰੀ ਜਲ ਮੀਨ ਗਤਿ ਚਪਲ ਜੁਗਤਿ ਲਿਵ ਸ਼ਬਦ ਸੁਰਤਿ ਅਭਿਆਸ ਉਡਾਰੀ ਦੁਆਰਾ ਇੜਾ, ਪਿੰਗਲਾ, ਸੁਖਮਨਾ ਦਾ ਸੁਤੇ ਸਹਿਜ ਸੰਗਮ ਹੋ ਕੇ ਸੁਤੇ ਸਹਿਜ ਹੀ ਤ੍ਰਿਕੁਟੀ ਉਲੰਘਨ ਹੋ ਜਾਂਦੀ ਹੈ। ਤ੍ਰਿਕੁਟੀਓਂ ਪਾਰ ਦਸਮ ਦੁਆਰ ਵਿਖੇ ਇਕ ਪ੍ਰਕਾਰ ਦਾ ਜਲ-ਮੀਨ ਚਪਲ ਗਤਿ ਛਣੱਪਾ ਮਾਰ ਕੇ ਜਾ ਪ੍ਰਵੇਸ਼ ਕਰੀਂਦਾ ਹੈ ਅਤੇ ਇੜਾ, ਪਿੰਗਲਾ, ਸੁਖਮਨਾ ਦਾ ਹਠ-ਯੋਗੀ ਸੰਗਮ ਕਰਾਉਣ ਦੇ ਬਿਖਮ ਝੰਜਟ ਵਿਚ ਨਹੀਂ ਪਈਦਾ। ਓਦੋਂ ਹੀ ਪਤਾ ਲਗਦਾ ਹੈ ਜਦੋਂ ਕਿ ਗੁਰਮਤਿ ਸ਼ਬਦ ਸੁਰਤਿ ਦੀ ਸਹਜ ਉਲਟ ਪਵਨ ਅਭਿਆਸ ਰਸ ਦਾ ਬਿਸਮ ਬਿਸ੍ਵਾਸ ਬੱਝ ਜਾਂਦਾ ਹੈ ਅਤੇ ਬਿਸਮਾਦ ਪਰਤੱਖਤਾ ਦੇ ਸਨਮੁਖ ਦਰਸ਼ਨੀ ਅਨਹਦ ਅਖਾੜੇ ਪਰਾਟ ਪਾਹਾਰੇ ਖੁਲ੍ਹ ਜਾਂਦੇ ਹਨ, ਜਿਥੇ ਪੁਗ ਖਲੋਇ ਕੇ ਭੀ ਅਨਭੈ ਅਭਿਆਸ ਰਸ ਦੇ ਪਰਮ ਅਦਭੁਤ ਪੁਹਾਰੇ ਪੈਣ ਲਗ ਪੈਂਦੇ ਹਨ ਅਤੇ ਪਰਮ ਅਮੀ ਦੇ ਗੁਹਜ-ਗਵਨੀ ਅਮਿਉ ਰਸ ਰਵਨੀ ਪਵਨ ਪਿਆਲਿਆਂ ਦੇ ਗਟਾਕ ਪੀਵੀਦੇ ਹਨ। ਸ਼ਬਦ ਕਰਕੇ, ਅਨਹਦ ਨਾਦੀ ਸੁਰਤ ਕਰਕੇ, ਉਨਮਨ ਬਿਸਮਾਦੀ ਅਤੇ ਪ੍ਰੇਮ ਕਰਕੇ ਸਹਜ ਰਵਨੀ ਨਿਝਰ ਧਾਰ ਰਸਾਇਣੀ ਸਦ-ਅਮਰ ਜ਼ੀਸਤੀ ਆਤਮ ਰੰਗ ਮਾਣੀਦੇ ਹਨ ਅਤੇ ਸੁਤੇ ਸਹਜ ਹੀ ਤ੍ਰਿਕੁਟੀ ਉਲੰਘ ਕੇ ਆਤਮ ਪਰਮਾਤਮ ਸੁਖ-ਸਾਗਰ ਸੰਜੋਗ ਭੋਗ ਭੋਗੀਦੇ ਹਨ। ਦਸਮ ਦੁਆਰ ਏਹਨਾਂ ਸੰਜੋਗ ਭੋਗਾਂ ਦਾ ਨਿਹਕੇਵਲ ਭਵਨ ਹੈ। ਇਹ ਉਪਰਲੀ ਵਿਆਖਿਆ ਹੇਠ ਲਿਖੇ ਭਾਈ ਗੁਰਦਾਸ ਜੀ ਦੇ ਕਬਿਤ ਦਾ ਟੂਕ ਮਾਤਰ ਅਨਭਵੀ ਅਨਵਾਦ ਹੈ :—

ਸ਼ਬਦ ਸੁਰਤਿ ਲਿਵਲੀਨ ਜਲ ਮੀਨ ਗਤਿ ਸੁਖਮਨਾ ਸੰਗਮ ਹੁਇ ਉਲਟ ਪਵਨ ਕੈ ॥
ਬਿਸਮ ਬਿਸ੍ਵਾਸ ਬਿਧੈ ਅਨਭੈ ਅਭਿਆਸ ਰਸ ਪ੍ਰੇਮ ਮਧੁ ਅਪਿਉ ਪੀਵੈ ਗੁਹਜੁ ਗਵਨ ਕੈ ॥
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ॥
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ ਦਸਮ ਸਥਲ ਨਿਹਕੇਵਲ ਭਵਨ ਕੈ ॥੨੯੧॥

[ਅ: ਸ: ਦਸਮ ਦੁਆਰ, ਗਗਨ ਉਡਾਰੀ, ਪੰਨਾ ੧੬੬-੬੭]

ਭਾਈ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਨਾਮ ਗੁਰਮੰਤ੍ਰ ਪ੍ਰਾਪਤ ਕਰਨ ਤੇ ਨਾਮ-ਸਿਮਰਨ ਵਿਚ ਨਿਤ ਚੜ੍ਹਦੀ ਕਲਾ ਹਾਸਲ ਕਰਨ ਲਈ ਹੇਠ ਲਿਖੀਆਂ ਦੋ ਲੋੜਾਂ ਅਵਸ਼ਯਕ ਹਨ :—

www.AKJ.Org

(੧) ਗੁਰਬਾਣੀ ਦਾ ਪੜ੍ਹਨਾ, ਸੁਣਨਾ ਤੇ ਕੀਰਤਨ ਦਾ ਰਸ ਮਾਣਨਾ।

(੨) ਖੰਡੇ ਦਾ ਅੰਮ੍ਰਿਤ ਛਕਣਾ।

ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦਾ ਅਸਰ–

ਆਪ ਲਿਖਦੇ ਹਨ :–

"ਗੁਰਬਾਣੀ ਦੇ ਪੜ੍ਹਨ ਸੁਣਨ ਤੇ ਕੀਰਤਨ ਦੀ ਪਾਰਸ ਅਖੰਡਾਕਾਰ ਸਪੱਰਸ਼ ਦੁਆਰਾ ਗੁਰਬਾਣੀ ਸੇਵਨਹਾਰੇ ਜਗਿਆਸੂ ਦੀ ਸੁਰਤੀ ਬਿਰਤੀ ਸਿਕਲ ਹੋ ਕੇ ਆਤਮ ਜਾਗਰਤਾ ਵਿਚ ਜਾਗ ਉਠਦੀ ਹੈ।"

"ਗੁਰਬਾਣੀ ਦੀ ਸਹਾਇਤਾ ਤੋਂ ਬਿਨਾ ਨਾਮ ਦੇ ਸਿਮਰਨ ਵਿਚ ਨਿਤ ਨਵੀਂ ਕਲਾ ਨਹੀਂ ਵਰਤਦੀ, ਜੋ ਗੁਰਬਾਣੀ ਪੜ੍ਹਨ ਸੁਣਨ ਵਾਲੇ ਨਾਮ ਅਭਿਆਸੀ ਦੀ ਦਸ਼ਾ ਵਿਚ ਵਰਤਦੀ ਤੇ ਪਲ੍ਹਰਦੀ ਹੈ, ਕਿਉਂਕਿ ਗੁਰਬਾਣੀ ਤੇ ਨਾਮ ਦੋਨੋ ਓਤਿ ਪੋਤਿ ਹਨ।"

"ਜਿਉਂ ਜਿਉਂ ਗੁਰਬਾਣੀ ਰੂਪ ਸਮੁੰਦਰ ਨੂੰ ਵਿਰੋਲਿਆ ਬਿਲੋਇਆ ਜਾਵੇਗਾ, ਤਿਉਂ ਤਿਉਂ ਹੋਰ ਤੋਂ ਹੋਰ ਨਾਮ-ਰਸਕ-ਰਸਾਕੀ-ਘ੍ਰਿਤ ਗਟਾਕ ਭੁੰਚਣ ਦਾ ਅਹਿਲਾਦ ਪ੍ਰਾਪਤ ਹੋਵੇਗਾ।"

[ਨਾਮ ਤੇ ਨਾਮ ਦਾ ਦਾਤਾ ਸਤਿਗੁਰੂ, ਪੰਨਾ ੩੬-੩੭]

ਖੰਡੇ ਦਾ ਅੰਮ੍ਰਿਤ–

"ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ, ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸਨੂੰ ਸਤਿਗੁਰੂ ਮਿਲਿਆ ਹੈ। ਉਸ ਨੇ ਗੁਰੂ ਧਾਰਨ ਹੀ ਨਹੀਂ ਕੀਤਾ, ਉਹ ਨਿਗੁਰਾ ਹੈ। ਉਹ ਗੁਰੂ ਦਾ ਸਿਖ ਹੀ ਨਹੀਂ ਬਣਿਆ। ਉਸ ਨੂੰ ਨਾਮ ਗੁਰਮੰਤ੍ਰ ਪ੍ਰਾਪਤ ਹੀ ਨਹੀਂ ਹੋ ਸਕਦਾ। ਜਿਸਦਾ ਕੋਈ ਇਸ਼ਟ ਗੁਰੂ ਹੀ ਨਹੀਂ, ਉਸਨੂੰ ਨਾਮ ਕਿਥੋਂ ? ਕੋਈ ਇਕ ਇਕੱਲਾ ਅਲਪੱਗ ਦੇਹਧਾਰੀ ਦਸਾਂ ਗੁਰੂ ਸਾਹਿਬਾਨ ਤੋਂ ਪਸਚਾਤ, ਨਾ ਹੀ ਇਸ਼ਟ ਹੋ ਸਕਦਾ ਹੈ, ਨਾ ਹੀ ਸਤਿਗੁਰੂ ਸਦਾ ਸਕਦਾ ਹੈ।" [ਓਹੀ, ਪੰਨਾ ੧੪੩]

ਗੁਰਮਤਿ ਫ਼ਿਲਾਸਫ਼ੀ ਕੀ ਹੈ ?

ਸੱਚੀ ਗੁਰਮਤਿ ਬੁਧਿ ਬਿਬੇਕ, ਸੱਚਾ ਗੁਰਮਤਿ ਗਿਆਨ, ਹਰੀ ਨਾਮ ਸਿਮਰਨ ਰੂਪੀ ਸੱਚਾ ਧਨ ਸਿੰਚਨ ਕਰਨਾ ਹੀ ਹੈ। ਇਸ ਤੋਂ ਭਿੰਨ ਜੋ ਸੁੰਞ ਗਿਆਨ ਅਤੇ ਚੁੰਚ ਫਿਲਾਸਫੀਆਂ ਹਨ, ਤਿਨ੍ਹਾਂ ਦਾ ਗੁਰਮਤਿ ਅੰਦਰ ਵਿਧਾਨ ਨਹੀਂ। ਨਾਮ ਰੂਪੀ ਸੱਚੇ ਨਿਧਾਨ (ਖਜ਼ਾਨੇ) ਨੂੰ ਸਿੰਚਨ ਕਰਾਉਣਹਾਰੀ ਅਤੇ ਦ੍ਰਿੜ੍ਹਾਉਣ-ਹਾਰੀ ਗੁਰਮਤਿ ਮੱਤ ਹੀ ਗੁਰਮਤਿ ਫ਼ਿਲਾਸਫ਼ੀ ਹੈ। ਨਾਮ ਤੋਂ ਬੇਮੁਖ ਕਰਾਉਣਹਾਰੀ ਕਿਸੇ ਮੱਤ ਕੁਮੱਤ ਨੂੰ ਗੁਰਮਤਿ ਫ਼ਿਲਾਸਫ਼ੀ ਕਹਿਣਾ ਅਤੇ ਅਜਿਹੀ ਕੁਮੱਤ-ਮਤੜੀਆਂ ਭਰੀ ਕਿਸੇ ਪੁਸਤਕ ਨੂੰ ਗੁਰਮਤਿ ਫ਼ਿਲਾਸਫ਼ੀ ਦਾ ਖ਼ਜ਼ਾਨਾ ਕਹਿਣਾ ਨਿਰੀ ਹਮਾਕਤ ਅਤੇ ਕੁਸਮਝ ਹੈ। ਜੋ ਕੁਮੱਤ ਮੱਤੜੀ ਗੁਰਮਤਿ ਨਾਮ ਤੋਂ ਮੁਨਹਰਫ ਕਰਾਵੇ, ਤਿਸ ਕੁਮੱਤੜੀਆਂ-ਭਰੀ ਪੁਸਤਕ ਨੂੰ ਪੜ੍ਹਨਾ ਸੁਣਨਾ ਗੁਰਮਤਿ ਤੋਂ ਗੁਮਰਾਹ ਹੋਣਾ ਹੈ। ਗੁਰਮਤਿ ਨਾਮ ਦੇ ਦ੍ਰਿੜ੍ਹਾਵਨਹਾਰੇ ਸੁਲੇਖ ਲੇਖਾਂ ਨੂੰ ਇਹ ਆਖਣਾ ਕਿ ਫ਼ੀ-ਜ਼ਮਾਨਾ ਏਹਨਾਂ ਦੀ ਅੱਜ ਕਲ੍ਹ ਲੋੜ ਨਹੀਂ, ਮਹਾਂ ਅਗਿਆਨ ਭਰੀ ਕਜ-ਫ਼ਹਿਮੀ ਹੈ।

['ਬਾਬਾ ਵੈਦ ਰੋਗੀਆਂ ਦਾ' ਟ੍ਰੈਕਟ, ਪੰਨਾ ੧੪]

www.AKJ.Org

ਉਨੀਂਦਰਾ ਰੋਗ

[ਪ੍ਰਿੰਸੀਪਲ ਸੱਜਣ ਸਿੰਘ ਜੀ, 618 ਗੋਬਿੰਦਪੁਰੀ, ਨਵੀਂ ਦਿੱਲੀ 19]

ਵਿਧਾਤਾ ਦਾ ਬਖ਼ਸ਼ਿਆ ਅਮੋਲਕ ਵਰਦਾਨ 'ਕੁਦਰਤੀ ਨੀਂਦ' ਮਨੁੱਖੀ ਜੀਵਨ ਦਾ ਵਿਸ਼ੇਸ਼ ਅੰਗ ਹੈ। ਇਹ ਸਰੀਰਕ ਥਕਾਵਟ ਤੇ ਮਾਨਸਕ ਤਨਾਉ ਦੂਰ ਕਰਨ ਦਾ ਸਫਲ ਸਾਧਨ ਮੰਨਿਆ ਗਿਆ ਹੈ। ਭਾਂਤ ਭਾਂਤ ਦੀ ਪੀੜਾ ਹਟਾਉਣ ਲਈ ਜਾਂ ਚਿੰਤਾ ਫ਼ਿਕਰ ਦੀ ਪ੍ਰਬਲਤਾ ਘਟਾਉਣ ਲਈ ਡਾਕਟਰ ਨੀਂਦ ਲਿਆਉਣ ਵਾਲੀਆਂ ਗੋਲੀਆਂ ਜਾਂ ਟੀਕੇ ਵਰਤਦੇ ਹਨ। ਗੂੜ੍ਹੀ ਜਾਂ ਵਿਘਨ-ਰਹਿਤ ਨੀਂਦ ਚੰਗੀ ਸਿਹਤ ਦੀ ਨਿਸ਼ਾਨੀ ਹੈ ਤੇ ਨੀਂਦ ਨਾ ਆਉਣਾ, ਘੱਟ ਆਉਣਾ, ਸੁਪਨਿਆਂ ਦੀ ਭਰਮਾਰ ਰਹਿਣੀ ਜਾਂ ਮਾਮੂਲੀ ਖੜਾਕ ਨਾਲ ਨੀਂਦਰ ਦਾ ਟੁੱਟ ਜਾਣਾ ਗ਼ੈਰ-ਕੁਦਰਤੀ ਬਿਵਸਥਾ ਹੈ।

ਨੀਂਦ ਦੀ ਅਧਿਕਤਾ ਵੀ ਸ਼ੁਭ ਲੱਖਣ ਨਹੀਂ। ਚਿਕਨਾਈ ਬਣੇ ਭੋਜਨਾਂ ਦੀ ਜ਼ਿਆਦਾ ਵਰਤੋਂ ਮਿਹਦੇ ਦੀ ਗਰਮੀ ਤੇ ਪ੍ਰਭਾਵ ਪਾ ਕੇ ਸੁਸਤੀ ਉਤਪੰਨ ਕਰਦੀ ਹੈ। ਕੁਝ ਸੋਚਣਾ ਸਮਝਣਾ ਨਾ, ਕੁਝ ਜਾਨਣਾ ਸਿੱਖਣਾ ਨਾ, ਕਿਸੇ ਨਾਲ ਕੋਈ ਹਮਦਰਦੀ ਨਾ, ਨਾ ਕਿਸੇ ਕੰਮ ਦੀ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਖ਼ੁਦਗਰਜ਼ੀ ਤੇ ਲਾਪਰਵਾਹੀ ਜਿਸ ਵਿਅਕਤੀ ਦੇ ਪੱਲੇ ਹੋਵੇ, ਉਹ ਬੇਫ਼ਿਕਰੀ ਦੀ ਰੱਜਵੀਂ ਨੀਂਦ ਕਿਉਂ ਨ ਮਾਣੇ!

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥
ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥੧੯੧॥ (ਪੰਨਾ ੧੩੭੪)

ਸਮੁੱਚੇ ਤੌਰ ਤੇ ਸਗਲ ਸ੍ਰਿਸ਼ਟੀ ਦਾ ਜਾਗਣ ਸੌਣ ਪ੍ਰਤੀ ਦ੍ਰਿਸ਼ਟੀਕੋਣ ਇੱਕੋ ਜਿਹਾ ਨਹੀਂ। ਰੱਬ ਦੇ ਪਿਆਰੇ ਉਨੀਂਦਰਾ-ਰੋਗ ਤੋਂ ਸਦਾ ਹੀ ਮੁਕਤ ਰਹਿੰਦੇ ਹਨ, ਕਿਉਂਕਿ ਉਹ ਨਾਮ-ਸਿਮਰਨ ਦੀ ਕਾਰ ਵਿਚ ਜੁਟਣ ਲਈ ਵੈਸੇ ਹੀ ਘੱਟ ਸੌਣਾ ਲੋਚਦੇ ਹਨ। ਇਸ ਦੇ ਟਾਕਰੇ ਵਿਚ ਸਾਕਤ ਪੁਰਸ਼ ਨੀਂਦ ਨੂੰ ਹੀ ਆਪਣੀ ਮਾਨਸਕ ਹਲ-ਚਲ ਦਾ ਇਲਾਜ ਸਮਝਦੇ ਹਨ ਤੇ ਨੀਂਦ ਲਿਆਉਣ ਲਈ ਕਈ ਉਪਰਾਲੇ ਕਰਦੇ ਹਨ।

ਗੁਰਮੁਖਾਂ ਨੇ ਪ੍ਰੇਮ-ਰਸ ਦਾ ਪਿਆਲਾ ਚੱਖਿਆ ਤਾਂ ਉਨ੍ਹਾਂ ਦੀ ਖਾਣ-ਪੀਣ ਦੀ ਭੁੱਖ ਤ੍ਰੇਹ ਕਾਫ਼ੂਰ ਹੋ ਗਈ। ਸ਼ਬਦ ਸੁਰਤਿ ਵਿਚ ਐਸੀ ਨੀਂਦ ਉਘੜੀ ਕਿ ਜਾਗਦਿਆਂ ਹੀ ਰਾਤ ਲੰਘ ਗਈ, ਪਰ ਇਸ ਵਿੱਚ ਉਨ੍ਹਾਂ ਨੂੰ ਆਤਮਕ ਸੁੱਖਾਂ ਦਾ ਭੰਡਾਰ ਪ੍ਰਾਪਤ ਹੋਇਆ। ਦੂਜੇ ਪਾਸੇ ਮਨਮੁਖਾਂ ਤੇ ਮਾਇਆ-ਧਾਰੀਆਂ ਦੀ ਸੁਰਤੀ ਮਾਇਆ ਦੇ ਜੰਜਾਲ ਵਿਚ ਏਨੀ ਫਸ ਗਈ ਕਿ ਅੱਖਾਂ ਦੀ ਨੀਂਦ ਹਰਾਮ ਹੋ ਗਈ। ਇਹ ਰੋਗੀਆਂ ਦੀ ਵਾਸਤਵ ਦਸ਼ਾ ਹੈ, ਜਿਸ ਵਿਚ ਰੋਗੀ ਸੌਣਾ ਚਾਹੇ ਪਰ ਸੌਂ ਨਹੀਂ ਸਕਦਾ, ਕਿਉਂਕਿ ਵਿਚਾਰਾਂ ਦੀ ਭਰਮਾਰ ਅਤੇ ਮਨ ਦੀਆਂ ਖ਼ਾਹਸ਼ਾਂ ਦੀ ਅਸਫਲਤਾ, ਦੋਨੋਂ ਹੀ ਰੋਗੀ ਦੀ ਮਾਨਸਿਕ ਪੀੜਾ ਵਿਚ ਵਾਧਾ ਕਰਦੇ ਹਨ। ਭਾਈ ਗੁਰਦਾਸ ਜੀ ਗੁਰਮੁਖਾਂ ਦੀ ਮਾਨਸਕ ਦਸ਼ਾ ਇਉਂ ਦਸਦੇ ਹਨ–

ਗੁਰਮੁਖਿ ਪਿਰਮ ਚਖਾਇਆ ਭੁਖ ਨ ਖਾਣ ਪੀਣ ਅੰਨ ਪਾਣੀ॥
ਸਬਦ ਸੁਰਤਿ ਨੀਂਦ ਉਘੜੀ, ਜਾਗਦਿਆਂ ਸੁਖ ਰੈਣਿ ਵਿਹਾਣੀ॥ ੨੯/੧੨

ਪ੍ਰੀਤਮ ਪਿਆਰੇ ਦੇ ਪ੍ਰੇਮ-ਰੰਗ ਵਿਚ ਰੱਤੀ ਅਤੇ ਨਾਮ-ਰਸ ਦੀ ਤੀਬਰਤਾ ਵਿਚ ਵਿਰਾਗਣ ਹੋਈ ਗੁਰਮੁਖ ਸਖੀ ਸਹੇਲੜੀ ਪੁਕਾਰਦੀ ਦੇ ਤਰਲੇ ਲੈਂਦੀ ਹੈ–

ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ॥ ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ॥੧॥
(ਬਿਹਾਗੜਾ ਮਹਲਾ ੫ ਘਰ ੨–੫੪੪)

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਮੁਖ ਜਨਾਂ ਦੀ ਸੁਰਤੀ ਲਿਵ ਮੰਡਲ ਵਿਚ ਲੀਨ ਹੋਣ ਕਰਕੇ ਉਨ੍ਹਾਂ ਨੂੰ ਸਹਜ ਅਵਸਥਾ ਸਹਜੇ ਹੀ ਪ੍ਰਾਪਤ ਹੁੰਦੀ ਹੈ। ਅੰਦਰਲੇ ਦੀ ਸ਼ੁੱਧਤਾ ਤੇ ਹਿਰਦੇ ਦੀ ਨਿਹਕਪਟਤਾ ਕਾਰਨ, ਇਨ੍ਹਾਂ ਦੀ ਕਰਣੀ, ਕਥਨੀ ਤੇ ਸੰਚਣੀ ਦੀ ਇਕਸੁਰਤਾ ਸਦਾ ਸਥਿਰ ਰਹਿੰਦੀ ਹੈ। ਦਿਨ ਹੋਵੇ ਜਾਂ ਰਾਤ, ਦੁੱਖ ਹੋਵੇ

www.AKJ.Org

ਜਾਂ ਸੁੱਖ, ਅਵਸਥਾ ਜਾਗਤ ਹੋਵੇ ਸੋਵਤ ਹੋਵੇ ਜਾਂ ਸੁਖੋਪਤਿ, ਉਨ੍ਹਾਂ ਦੀ ਵਿਚਾਰ-ਧਾਰਾ ਦੇ ਮੰਡਲ ਵਿਚ ਕਦੇ ਪ੍ਰੀਵਰਤਣ ਨਹੀਂ ਹੁੰਦਾ। ਗੁਰਦੇਵ ਜੀ ਦਾ ਫੁਰਮਾਨ ਹੈ—

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ।
ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥
ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥
ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥
ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥੧॥੨੨॥ (ਸਲੋਕ ਮ: ੪—੩੧੩)

ਗੁਰਦੇਵ ਜੀ ਨੇ ਇਸ ਰੋਗ ਦੇ ਕਾਰਨਾਂ ਤੇ ਉਪਾਵਾਂ ਦੀ ਵਿਆਖਿਆ ਤੋਂ ਵੀ ਸਾਨੂੰ ਜਾਣੂ ਕਰਾਇਆ ਹੈ। ਮੁੱਖ ਕਾਰਨ ਬਿਰਹਾ ਜਾਂ ਵਿਛੋੜਾ ਹੈ। ਪਰ ਗੁਰਮੁਖਾਂ ਤੇ ਮਨਮੁਖਾਂ ਦੇ ਬਿਰਹੁ ਤੇ ਵਿਛੋੜੇ ਵਿਚ ਬੜਾ ਅੰਤਰ ਹੈ। ਗੁਰਮੁਖ ਜਨ ਆਪਣੇ ਪਿਰੀ-ਪ੍ਰੀਤਮ ਦੇ ਵਿਛੋੜੇ ਵਿਚ 'ਵਾਹੁ ਵਾਹੁ' ਉਚਰਦੇ ਸੌਂਦੇ ਜਾਗਦੇ ਹਨ। ਉਨ੍ਹਾਂ ਦਾ ਬਿਰਹਾ ਵਿਛੋੜਾ ਅਤਿ ਅਨੂਪਮ ਹੁੰਦਾ ਹੈ, ਇਸੇ ਕਰਕੇ ਉਨ੍ਹਾਂ ਦੇ ਬਿਰਹੋਂ ਨੂੰ ਫ਼ਰੀਦ ਜੀ ਨੇ 'ਸੁਲਤਾਨ' ਆਖਿਆ ਹੈ, ਮਹਾਨ ਕਿਹਾ ਹੈ, ਪਰ ਨਾਲ ਹੀ ਪ੍ਰਭੂ ਤੋਂ ਵਿਛੜੇ ਹੋਇਆਂ ਨੂੰ ਸੂਚਿਤ ਕੀਤਾ ਹੈ ਕਿ ਜਿਸ ਹਿਰਦੇ ਵਿਚ ਪ੍ਰਭੂ-ਪ੍ਰੀਤਮ ਦੇ ਪ੍ਰੇਮ ਵਿਚ ਬਿਰਹੋਂ ਨਹੀਂ ਉਪਜਦਾ, ਉਸ ਦਾ ਤਨ ਮਸਾਣ ਦੀ ਨਿਆਈਂ ਹੈ।

ਮੰਦਭਾਗੀ ਗੱਲ ਇਹੋ ਹੈ ਕਿ ਅਸੀਂ ਸਰੀਰਕ ਸੰਬੰਧਾਂ ਜਾਂ ਮਾਇਕ ਪਦਾਰਥਾਂ ਦੇ ਵਿਯੋਗ ਵਿਚ ਤੜਪਦੇ ਹਾਂ, ਲੁੱਛਦੇ ਹਾਂ। ਇਸ ਵਿਛੋੜੇ ਦੀ ਭਾਵਨਾ ਵਿਚ ਮਨ ਕਲਪਦਾ ਤੇ ਬੇਚੈਨ ਹੁੰਦਾ ਹੈ, ਲਹੂ ਜਲਦਾ ਹੈ, ਮਨ ਕਾਲਾ ਸਿਆਹ ਤੇ ਆਤਮਾ ਕੁਮਲਾਉਂਦੀ ਹੈ। ਸਾਨੂੰ ਪ੍ਰਭੂ-ਪਿਆਰਿਆਂ ਦੀ ਵੈਰਾਗਮਈ ਅਵਸਥਾ ਤੇ ਹੰਝੂਆਂ ਦੀ ਉਹ ਸੁਖਦਾਇਕ ਝੜੀ ਨਸੀਬ ਨਹੀਂ ਹੁੰਦੀ, ਜ਼ਿਦੜੀ ਦਿਲ-ਚਾਹੁ ਬੇਚੈਨੀ, ਨਿਰਾਸ਼ਾ, ਢਹਿੰਦੀ ਕਲਾ ਤੇ ਹਉਕਿਆਂ ਨੂੰ ਨਿਕਟ ਨਹੀਂ ਆਉਣ ਦਿੰਦੀ।

ਮਨਮੁਖ, ਸਤਿਗੁਰ ਦੀ ਮਤਿ ਤਿਆਗ ਕੇ ਆਪਣੇ ਮਨ ਦੀ ਮਤਿ ਪਿੱਛੇ ਚਲਦਾ ਹੈ। ਇਸੇ ਕਰਕੇ ਉਹ ਵਿਵੇਕ ਬੁੱਧੀ ਤੋਂ ਕੋਰਾ ਹੈ ਤੇ ਉਸ ਨੂੰ ਸਾਰਾ ਜੱਗ ਅੰਧਕਾਰ ਹੀ ਕੋ ਵਾਪਰਦਾ ਹੈ। ਐਸਾ ਅਗਿਆਨੀ ਪੁਰਸ਼ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ, ਬਿਖੜੇ ਪੈਂਡੇ ਪੈ ਕੇ ਠੇਡੇ ਖਾਂਦਾ ਹੈ। ਗੁਰ-ਸਾਖੀ ਦਾ ਉਜਿਆਰਾ ਹੋਇ ਬਿਨਾਂ ਕੋਈ ਸੂਝ ਬੂਝ ਆ ਨਹੀਂ ਸਕਦੀ ਅਤੇ ਕੁਮਾਰਗ ਪਏ ਪ੍ਰਾਣੀ ਨੂੰ ਦੁਨੀਆ ਦੀ ਗੁੱਝੀ ਭਾਹਿ ਦੇ ਸੇਕ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਇਹ ਬਿਰਥਾ ਹੈ ਸਾਕਤ ਪੁਰਸ਼ ਦੀ, ਚਾਹੇ ਉਹ ਧਨਵਾਨ ਹੈ, ਚਾਹੇ ਗਰੀਬ ਅਨਾਥ। ਸਿਆਮ ਸੁੰਦਰ ਪ੍ਰਭੂ, ਤੇ ਉਸ ਦਾ ਨਾਮ ਵਿਸਾਰਨ ਵਾਲੇ ਨੂੰ ਸੁੱਖ ਦੀ ਨੀਂਦ ਮਾਣਨ ਦਾ ਸੁਭਾਗ ਪ੍ਰਾਪਤ ਹੋ ਨਹੀਂ ਸਕਦਾ। ਦਿਨ ਰਾਤ ਸੁਹੇਲੜੇ ਉਸ ਜਨ ਲਈ ਹਨ ਜਿਹੜਾ ਪ੍ਰਭੂ ਦੇ ਗੁਣ ਗਾਉਂਦਾ ਹੈ। ਸਤਿਗੁਰੂ ਦਾ ਅਟੱਲ ਫ਼ੁਰਮਾਨ ਹੈ।

ਰਾਤਿ ਨ ਵਿਹਾਵੀ ਸਾਕਤਾਂ ਜਿਨਾ ਵਿਸਰੈ ਨਾਉ ॥
ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਨ ਗਾਉ ॥੧॥੧੪॥ (੧੨੮੪)

ਜਿੱਥੇ ਮਾਨਸਕ ਰੋਗਾਂ ਦੀ ਨਵਿਰਤੀ ਦਾ ਸਵਾਲ ਹੈ, ਉਥੇ ਡਾਕਟਰਾਂ ਦੀ ਕੋਈ ਵਾਹ ਨਹੀਂ ਚਲ ਸਕਦੀ। ਇਹ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਕਿ ਉਹ ਉਨ੍ਹਾਂ ਦਰਾ-ਰੋਗ-ਗ੍ਰਸਤ-ਰੋਗੀਆਂ ਨੂੰ ਮੁਕੰਮਲ ਤੇ ਸਦੀਵੀ ਆਰਾਮ ਪ੍ਰਦਾਨ ਕਰ ਸਕਣ। ਉਨ੍ਹਾਂ ਦੀਆਂ ਆਪਣੀਆਂ ਸੀਮਾਵਾਂ ਹਨ ਤੇ ਰੋਗੀ ਦੇ ਸਹਿਯੋਗ ਬਿਨਾਂ ਮਾਨਸਕ ਰੋਗਾਂ ਦੀ ਨਵਿਰਤੀ ਕਠਨ ਹੈ। ਉਹ ਦੁਆਈ ਦੇ ਨਾਲ ਚਿੰਤਾ ਨਾ ਕਰਨ ਦਾ ਉਪਦੇਸ਼ ਤਾਂ ਦੇ ਸਕਦੇ ਹਨ, ਪਰ ਚਿੰਤਾ-ਮੁਕਤ ਕਰਨ ਦੀ ਕੋਈ ਕਾਰੀ ਔਸ਼ਧੀ ਉਨ੍ਹਾਂ ਪਾਸ ਨਹੀਂ ਹੈ। ਗੁਰਬਾਣੀ ਵਿਚ ਚਿੰਤਾ ਨੂੰ ਰੋਗ ਆਖਿਆ ਗਿਆ ਹੈ, ਜਿਹੜਾ ਅਧਿਕਤਰ ਅਮੀਰ ਵਰਗ ਨੂੰ ਵਿਆਪਦਾ ਹੈ—

www.AKJ.Org

ਵਡੇ ਵਡੇ ਜੋ ਦਿਸਹਿ ਲੋਗ ॥ ਤਿਨ ਕਉ ਬਿਆਪੈ ਚਿੰਤਾ ਰੋਗ ॥੧॥੧੧੩॥

(ਗਉੜੀ ਮਹਲਾ ੫–੧੮੮)

ਇਸ ਰੋਗ ਦਾ ਸਿੱਧਾ ਸੰਬੰਧ ਨੀਂਦਰ ਨਾਲ ਹੈ। ਹਜ਼ੂਰ ਦਾ ਫ਼ੁਰਮਾਨ ਹੈ–

ਸਹਜੇ ਜਾਗੈ ਸਹਜੈ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥
ਮਨਮੁਖਿ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥
ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥੨॥੬॥

(ਮ: ੩, ਵਾਰ ਸੋਰਠਿ, ਪੰਨਾ ੬੪੬)

ਚਿੰਤਾ, ਖੇੜੇ ਦੀ ਵੈਰਨ ਹੈ। ਜਿਉਂ ਫ਼ਸਲ ਦੀ ਹਰਿਆਲੀ, ਔੜ ਲੱਗਣ ਨਾਲ ਨਸ਼ਟ ਹੁੰਦੀ ਹੈ, ਤਿਵੇਂ ਤਨ ਮਨ ਦੀ ਹਰਿਆਲੀ, ਤਾਜ਼ਗੀ, ਸੁਗੰਧੀ ਤੇ ਲਹਿਲਹਾਉਂਦੀ ਹਰਕਤ ਚਿੰਤਾ ਰੋਗ ਦੁਆਰਾ ਕਾਲਖ ਤੇ ਸੋਕੜੇ ਵਿਚ ਤਬਦੀਲ ਹੁੰਦੀ ਹੈ। ਇਸ ਚਿੰਤਾ-ਰੋਗ ਤੋਂ ਗੁਰੂ-ਕਿਰਪਾ ਦੁਆਰਾ ਛੁਟਕਾਰਾ ਮਿਲਣ ਤੇ ਹੀ ਖੇੜਾ ਤੇ ਵਿਗਾਸ ਪ੍ਰਾਪਤ ਹੁੰਦਾ ਹੈ। ਸਤਿਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ–

ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ ॥
ਗੁਰ ਪ੍ਰਸਾਦੀ ਬੁਝੀਐ ਸਾਧਨ ਸੁਤੀ ਨਿਚਿੰਦ ॥
ਜਿਨ ਕਉ ਪੂਰਬਿ ਲਿਖਿਆ ਤਿਨਾ ਭੇਟਿਆ ਗੁਰ ਗੋਵਿੰਦੁ ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥੨੫॥ (ਪੰਨਾ ੧੪੧੫)

ਚਿੰਤਾ-ਰੋਗ ਦੇ ਕਾਰਨ ਤਨ ਤੇ ਮਨ ਦੋਵੇਂ ਰੋਗੀ ਹੋ ਜਾਂਦੇ ਹਨ। ਤਨ ਤੇ ਮਨ ਦੇ ਅਨਿਖੜਵੇਂ ਸੰਬੰਧਾਂ ਬਾਰੇ ਸਾਰੇ ਡਾਕਟਰ ਤੇ ਵਿਦਵਾਨ ਸਹਿਮਤ ਹਨ। ਜਜ਼ਬਾਤਾਂ ਤੇ ਵਿਚਾਰਾਂ ਦਾ, ਘਿਰਣਾ ਤੇ ਪਿਆਰ ਦਾ, ਖ਼ੁਸ਼ੀ ਤੇ ਗ਼ਮੀ ਦਾ, ਕਾਮ ਕ੍ਰੋਧ ਆਦਿਕ ਸਭਨਾਂ ਦਾ, ਸਰੀਰ ਦੇ ਵੱਖ ਵੱਖ ਅੰਗਾਂ ਦੇ ਕਾਰਜ ਵਿਚ ਆਪੋ ਆਪਣਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਪਰ ਹਿਰਦੇ ਦੀ ਪਵਿੱਤਰਤਾ ਦੁਆਰਾ ਗੁਰਬਾਣੀ ਤੇ ਨਾਮ ਅਭਿਆਸ ਕਮਾਈ ਐਸੀ ਅਸਰਦਾਇਕ ਦੁਆਈ ਹੈ, ਜਿਸ ਦੀ ਅਮਰ-ਮਈ ਕਲਾ ਸਰਬ ਰੋਗ ਨਿਵਾਰਨ ਲਈ ਸਮਰੱਥ ਹੈ। ਨਾਮ ਦੀ ਭੁੱਖ, ਨਾਮ ਜਪਣ ਦੀ ਚਾਹ ਹੈ। ਚਾਹ ਤੋਂ ਉੱਦਮ ਤੇ ਉਤਸ਼ਾਹ ਉਗਮਦੇ ਹਨ। ਇਉਂ ਖਿਆਲਾਂ ਦੀ ਬੇਮੁਹਾਰੀ ਗਤੀ ਨੂੰ ਠੱਲ੍ਹ ਪੈਂਦੀ ਹੈ ਅਤੇ ਤਨ ਮਨ ਸ਼ਾਂਤ ਹੁੰਦੇ ਹਨ। ਗੁਰਦੇਵ ਜੀ ਦੇ ਬਚਨ ਹਨ–

ਨੀਦ ਸੁਹੇਲੀ ਨਾਮ ਕੀ ਲਾਗੀ ਭੂਖ ॥ ਹਰਿ ਸਿਮਰਤ ਬਿਨਸੇ ਸਭ ਦੂਖ ॥੨॥੫੮॥

(ਰਾਮਕਲੀ ਮਹਲਾ ੫, ਪੰਨਾ ੯੦੧)

ਈਰਖਾ, ਤ੍ਰਿਸ਼ਨਾ, ਸਾੜਾ ਤੇ ਜ਼ਹਿਰ-ਆਲੂਦਾ ਵਿਚਾਰਾਂ ਦੇ ਸੇਕ ਨਾਲ ਸਾਰਾ ਸੰਸਾਰ ਜਲ ਰਿਹਾ ਹੈ। ਇਨ੍ਹਾਂ ਤੋਂ ਤਨ ਦੀ ਪੀੜਾ, ਮਨ ਦੀ ਅਸ਼ਾਂਤੀ, ਦਿਲ ਦੀ ਗ਼ੈਰ-ਕੁਦਰਤੀ ਗਤੀ, ਕਲਪਣਾ, ਹਿਰਦੇ ਦੀ ਬੇਚੈਨੀ ਤੇ ਮਾਨਸਕ ਤਨਾਉ ਦੀ ਉਤਪਤੀ ਹੁੰਦੀ ਹੈ। ਹਜ਼ੂਰ ਨੇ ਇਨ੍ਹਾਂ ਦੇ ਇਲਾਵਾ ਚਾਰ ਕਿਸਮ ਦੀਆਂ ਅੱਗ ਦੀਆਂ ਨਦੀਆਂ ਦਾ ਵਰਣਨ ਕੀਤਾ ਹੈ। ਸਤਿਗੁਰ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ–

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥੨੦॥

(ਮ: ੧, ਵਾਰ ਮਾਝ ਮ: ੧, ਪੰਨਾ ੧੪੭)

ਇਹ ਅੱਗਾਂ ਦੈਵੀ ਗੁਣਾਂ ਨੇ ਇਉਂ ਭਸਮ ਕਰਦੀਆਂ ਹਨ, ਜਿਉਂ ਡਉ (ਜੰਗਲ ਦੀ ਅੱਗ) ਦੁਆਰਾ ਬਨਸਪਤੀ ਸੁਆਹ ਹੁੰਦੀ ਹੈ। ਇਹ ਅਗਨੀ ਚੰਦਨ, ਚੰਦ ਦੀ ਸੀਤਲਤਾ ਜਾਂ ਸਰਦ ਰੁੱਤ ਦੀ ਠੰਢਕ ਨਾਲ ਦੂਰ ਨਹੀਂ ਕੀਤੀ ਜਾ ਸਕਦੀ, ਬਲਕਿ ਪੰਜਾਂ ਪਿਆਰਿਆਂ ਦੁਆਰਾ ਬਖ਼ਸ਼ਿਆ ਸੀਤਲ ਗੁਰ-ਸ਼ਬਦ-ਅੰਮ੍ਰਿਤ-ਜਲ ਹੈ। ਜਿਸ ਨਾਲ ਤਨ ਮਨ ਅੰਦਰ ਸ਼ਾਂਤ ਵਰਤ ਜਾਂਦੀ ਹੈ। ਚੌਥੇ ਗੁਰਦੇਵ ਜੀ ਦਾ ਫ਼ੁਰਮਾਨ ਹੈ–

www.AKJ.Org

ਅੰਤਰਿ ਅਗਨਿ ਸਬਲ ਅਤਿ ਬਿਖਿਆ ਹਿਵ ਸੀਤਲੁ ਸਬਦੁ ਗੁਰ ਦੀਜੈ ॥
ਤਨਿ ਮਨਿ ਸਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ ॥੩॥੫॥ (ਪੰਨਾ ੧੩੨੬)

ਗੁਰਮੁਖ ਸਖੀ ਸਹੇਲੜੀ ਦਾ ਪਤੀ ਪਰਮੇਸਰ ਹੈ, ਤਾਹੀਓਂ ਇਸ ਨੂੰ ਸੁਹਾਗਣ ਆਖਿਆ ਗਿਆ ਹੈ। ਇਹ ਸ਼ਰਧਾ ਦੀ ਸੇਜ ਵਿਛਾ ਕੇ ਆਤਮਕ ਸੁੱਖ ਮਾਣਦੀ ਹੈ। ਪਰ ਮਨਮੁਖ ਜੀਵ ਨੂੰ ਖਸਮਹੁ ਘੁੱਥੀ ਦੁਹਾਗਣਿ ਇਸਤ੍ਰੀ ਵਾਂਗ ਸਹੁ ਦੀ ਪ੍ਰੀਤੀ ਤੇ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ। ਅਜਿਹੀ ਮੂਰਖ ਇਸਤ੍ਰੀ ਦਵੈਤਾ ਭਾਵਨਾ ਵਿਚ ਗਲਤਾਨ ਆਪਣੇ ਹਿਰਦੇ ਅੰਦਰ ਨਿਵਾਸ ਕਰਦੇ ਪਤੀ ਪਰਮੇਸ਼ਰ ਤੇ ਉਸ ਦੇ ਪ੍ਰੇਮ ਤੋਂ ਸੁੰਨੀ ਹੈ। ਉਸ ਦੀ ਰਾਤ ਸੁਖੀ ਕਿਵੇਂ ਬਤੀਤ ਹੋਵੇ ?

ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥
ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥੩॥
(ਮਾਰੂ ਮ: ੧—੧੦੨੨)

ਭਰਪੂਰ ਅਉਗਣਾਂ ਕਾਰਨ ਪ੍ਰਭੂ ਤੋਂ ਛੁੱਟੜ ਇਸਤ੍ਰੀ ਇਸ ਲੋਕ (ਪੇਕੇ ਘਰ) ਵਿਚ ਸਹੁ ਦੀ ਵਡਿਆਈ ਨਹੀਂ ਸਮਝਦੀ। ਇਸ ਦਸ਼ਾ ਵਿਚ ਰੋਂਦੀ, ਕੁਰਲਾਂਦੀ ਤੇ ਬਿਲਲਾਂਦੀ ਹੈ ਤੇ ਪਿਰ ਬਾਝੋਂ ਦੁੱਖ ਭਰੀਆਂ ਰਾਤਾਂ ਤਾਰੇ ਗਿਣ ਗਿਣ ਕੱਟਦੀ ਹੈ। ਗੁਰਵਾਕ ਹੈ—

ਪੇਈਅੜੈ ਧਨ ਅਨਦਿਨੁ ਸੁਤੀ ॥ ਕੰਤਿ ਵਿਸਾਰੀ ਅਵਗਣਿ ਮੁਤੀ ॥
ਅਨਦਿਨੁ ਸਦਾ ਫਿਰੈ ਬਿਲਲਾਂਦੀ ਬਿਨੁ ਪਿਰ ਨੀਦ ਨ ਪਾਵਣਿਆ ॥੪॥੩॥
(ਮਾਝ ਮਹਲਾ ੩, ਪੰਨਾ ੧੧੦)

ਦੋਹਾਗਣਿ ਇਸਤ੍ਰੀ ਨੂੰ ਸਾਵਣ ਦਾ ਮਹੀਨਾ ਵੱਢ ਵੱਢ ਖਾਂਦਾ ਹੈ। ਨਾਮ ਦੀ ਝੜੀ ਤੇ ਕੀਰਤਨ ਦੀ ਮੋਹਲੇਧਾਰ ਵਰਖਾ ਹੁੰਦਿਆਂ ਵੀ ਉਸ ਦਾ ਕੱਲਰ ਰੂਪੀ ਹਿਰਦਾ, ਪੱਥਰ ਵਾਂਗ ਅਭਿੱਜ ਤੇ ਬੰਜਰ ਪਿਆ ਰਹਿੰਦਾ ਹੈ। ਪਿਰ ਨੂੰ ਭਾਵਣ ਵਾਲੀ ਅਸਲ ਸੁਹਾਗਣਿ ਸਦਾ-ਥਿਰ-ਹਰਿਨਾਮ ਫੁੱਲਾਂ ਦੀ ਮਹਿਕ ਨਾਲ ਭਰਪੂਰ ਹੋ ਕੇ ਆਲੇ ਦੁਆਲੇ ਦੀ ਫ਼ਿਜ਼ਾ ਨੂੰ ਵੀ ਸੁਗੰਧਤ ਕਰਦੀ ਹੈ। ਹਜ਼ੂਰ ਦਾ ਫ਼ੁਰਮਾਨ ਹੈ—

ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੨॥੪॥ (ਪੰਨਾ ੧੨੮੦)

ਅਗਿਆਨਤਾ ਦੀ ਨੀਂਦ ਤੇ ਸਰੀਰਕ ਨੀਂਦ ਦੇ ਇਲਾਵਾ ਅਧਿਆਤਮਕ ਖੇਤਰ ਵਿਚ ਸੁੱਖਾਂ ਭਰੀ ਨੀਂਦ ਦਾ ਭਾਵ, ਪੂਰਨ ਤ੍ਰਿਪਤੀ ਵਿਚ ਰਹਿਣਾ, ਟਿਕਾਉ ਤੇ ਅਡੋਲ ਅਵਸਥਾ ਵਿਚ ਵਿਚਰਨਾ, ਖੇੜੇ ਤੇ ਵਿਗਾਸ ਦਾ ਰੰਗ ਮਾਣਨਾ ਅਤੇ ਬੇਗਮਪੁਰਾ ਸ਼ਹਿਰ ਦਾ ਵਾਸੀ ਬਣਨਾ ਹੈ। ਪੰਚਮ ਪਾਤਸ਼ਾਹ ਦਾ ਫ਼ਰਮਾਨ ਹੈ—

ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥੧੪॥
(ਮ: ੫, ਵਾਰ ਰਾਮਕਲੀ ਮ: ੫—੯੬੩)

ਉਪਰ ਦਿਤੀ ਵੀਚਾਰ ਦਾ ਸਾਰ ਇਉਂ ਵੀ ਆਖਿਆ ਜਾ ਸਕਦਾ ਹੈ ਕਿ ਗੁਰਦੇਵ ਜੀ ਦਾ ਨਿਰਣਾ ਸਪੱਸ਼ਟ ਤੇ ਅਟੱਲ ਹੈ। ਪ੍ਰਭੂ ਪਿਆਰ ਤੋਂ ਵਿਛੜੀ ਆਤਮਾ ਦਿਨ ਰਾਤ ਕਰਲਾਉਂਦੀ ਤੇ ਕਾਂ ਕਾਂ ਕਰਦੀ ਹੈ ਅਤੇ ਜੇ ਪੂਰਨ ਸੰਜਮ ਦੁਆਰਾ, ਸਹੁ-ਪ੍ਰੀਤਮ ਦੇ ਪਿਆਰ ਵਿਚ, ਨਾਮ ਦੀ ਔਸਧੀ ਦਾ ਸੇਵਨ ਕੀਤਾ ਜਾਵੇ ਤਾਂ ਇਹ ਜੀਵ ਹਰੇਕ ਕਿਸਮ ਦੀ ਭਟਕਣਾ, ਮਾਇਕ ਭੁਖ ਤੇ ਤ੍ਰਿਸ਼ਨਾ, ਬੇਚੈਨੀ ਤੇ ਵਿਆਕੁਲਤਾ ਤੋਂ ਸੁਰੱਖਿਅਤ ਰਹੇ ਤੇ ਇਸ ਜਗਤ-ਸਰਾਂ ਦੀ ਕਾਲੀ ਬੋਲੀ ਰਾਤ ਵਿਚ, ਸਹਜ-ਬਿਰਤੀ ਤੇ ਸੁੱਖ ਭਰੀ ਨੀਂਦ ਬਤੀਤ ਕਰੇ। ਹਜ਼ੂਰ ਦਾ ਬਚਨ ਹੈ :—

ਸੁਤੜੇ ਸੁਖੀ ਸਵੰਨਿ ਜੋ ਰਤੇ ਸਹ ਆਪਣੈ ॥
ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨਿ ॥੧੨॥ (ਸਲੋਕ ਮ: ੫ ੧੪੨੫)

www.AKJ.Org

ਬੀਬੀ ਸੁਖਦੇਵ ਕੌਰ

[ਵਲੋਂ : ਗੁਰਪੁਰ ਵਾਸੀ ਪ੍ਰੋਫੈਸਰ ਠਾਕਰ ਸਿੰਘ ਜੀ]

ਛੋਟੀ ਉਮਰ ਤੋਂ ਬੀਬੀ ਸੁਖਦੇਵ ਕੌਰ ਨੂੰ ਭਾਈ ਸਾਹਿਬ ਰਣ ਧੀਰ ਸਿੰਘ ਜੀ ਨੇ ਪ੍ਰੇਰਨਾ ਦਿਤੀ ਕਿ ਸੱਚੇ ਪਾਤਸ਼ਾਹ ਦਾ ਸਾਧਾਰਨ ਪਾਠ ਕਰੋ, ਤੇ ਉਹ ਆਪ ਕਰਵਾਇਆ ਕਰਨਗੇ। ਬੀਬੀ ਨੇ ਇਸ਼ਨਾਨ ਕਰ ਕੇ, ਸਾਫ਼ ਬਸਤ੍ਰ ਪਹਿਨ ਕੇ ਪਾਠ ਕਰਨਾ ਤੇ ਸ੍ਰੀ ਮਾਨ ਭਾਈ ਸਾਹਿਬ ਜੀ ਨੇ ਪਿਛੇ ਖੜੇ ਹੋ ਕੇ, ਇਕ ਹੱਥ ਨਾਲ ਚੌਰ ਕਰਨਾ ਤੇ ਦੂਜਾ ਹੱਥ ਬੀਬੀ ਦੇ ਸਿਰ ਤੇ ਰਖ ਦੇਣਾ। ਉਥੇ ਆਮ ਤੌਰ ਤੇ ਸੁਣਨ ਵਾਲਾ 'ਦਾਸ' ਹੀ ਹੁੰਦਾ ਸੀ। ਮੈਨੂੰ ਉਥੇ ਹੀ ਪਤਾ ਲਗਾ ਕਿ ਜਦੋਂ ਗੁਰੂ ਪਿਆਰਿਆਂ ਦੀ ਸਿਹਰ ਹੋਵੇ ਤਾਂ ਸੁਰਤੀ ਰੰਗਾਂ ਵਿਚ ਉਡਾਰੀਆਂ ਮਾਰਦੀ ਹੈ ਤੇ ਫਿਰ ਸਿਰਫ਼ ਕੀਰਤਨ ਵਿਚ ਹੀ 'ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ''* ਨਹੀਂ, ਸਗੋਂ ਗੁਰਬਾਣੀ ਦੇ ਪਾਠ ਵਿਚ ਵੀ ਅਣੀਆਲੇ ਅਣੀਆਂ ਵਾਲੇ, ਪ੍ਰੇਮ ਦੇ ਤੀਰ ਵਜਦੇ ਹਨ, ਜਿਨ੍ਹਾਂ ਦਾ ਅਸਰ ਸਿਰਫ਼ ਅੰਤਰ ਆਤਮੇ ਹੀ ਨਹੀਂ, ਸਗੋਂ ਨਾਲ ਹੀ ਇਸ ਸਰੀਰ ਤੇ ਵੀ ਹੁੰਦਾ ਹੈ। ਮੈਨੂੰ ਯਾਦ ਹੈ ਕਿ ਇਸ ਅਲੌਕਿਕ ਰੰਗ ਵਿਚ ਗੁਰਬਾਣੀ ਦੇ ਪਾਠ ਨੂੰ ਅੱਧਾ ਪੌਣਾ ਘੰਟਾ ਹੀ ਸੁਣਿਆ ਜਾ ਸਕਦਾ ਸੀ। ਤਾਂ ਬੇਨਤੀ ਕਰਨੀ ਕਿ ਹੁਣ ਭੋਗ ਪਾ ਦੇਵੋ। ਇਹ ਦਿਨ ਭੁਲਣੇ ਮੁਸ਼ਕਲ ਹਨ। ਕੀਰਤਨ ਤੇ ਗੁਰਬਾਣੀ ਦੇ ਪਾਠ ਨਾਲ, ਮੰਡਲ ਹੀ ਮਹਿਕ ਜਾਂਦਾ ਸੀ 'ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ'‡।

ਇਸ ਤਰ੍ਹਾਂ ਕਾਫ਼ੀ ਵਕਤ ਗੁਜ਼ਰ ਗਿਆ। ਬੀਬੀ ਸੁਖਦੇਵ ਵਡੀ ਹੋ ਗਈ ਤੇ ਵਡੇ ਇਮਤਿਹਾਨ ਪੈ ਗਏ। ਉਸ ਦੀ ਕੁੜਮਾਈ ਆਪਣੇ ਰਿਸ਼ਤੇਦਾਰਾਂ ਵਿਚ ਹੋ ਰਹੀ ਸੀ, ਜਿਹੜੇ ਕਿ (ਲੜਕਾ ਤੇ ਉਸ ਦਾ ਪਰਵਾਰ) ਮਨਮਤੀ ਸਨ। ਜਦੋਂ ਇਸ ਦੇ ਅਨੰਦ ਕਾਰਜ ਦੀ ਗੱਲ ਚਲੀ ਤਾਂ ਬੀਬੀ ਨੇ ਆਪਣੀ ਮਾਂ ਨੂੰ ਸਾਫ਼ ਕਹਿ ਦਿਤਾ ਕਿ ਮੇਰਾ ਅਨੰਦ ਕਾਰਜ ਤਾਂ ਗੁਰਸਿਖ ਨਾਲ ਹੀ ਹੋਵੇਗਾ, ਇਥੇ ਮਨਮਤੀਏ ਨਾਲ ਨਹੀਂ ਹੋ ਸਕਦਾ। ਸਾਰਾ ਪਰਵਾਰ ਬਹੁਤ ਘਬਰਾਇਆ, ਖ਼ਾਸ ਕਰਕੇ ਵਡਾ ਭਾਈ, ਜੋ ਬਹੁਤ ਸਖ਼ਤ ਸੁਭਾ ਦਾ ਸੀ। ਜਦੋਂ ਉਸ ਨੂੰ ਪਤਾ ਲਗਾ ਤਾਂ ਉਹ ਕਹਿਣ ਲਗਾ ਕਿ, ''ਇਹ ਰਿਸ਼ਤਾ ਪਹਿਲਾਂ ਹੋਇਆ ਹੋਇਆ ਹੈ ਤੇ ਉਹ ਸਾਡੇ ਰਿਸ਼ਤੇਦਾਰ ਹਨ, ਤੂੰ ਬੀਬੀ ਸੋਚ ਲੈ, ਇਹ ਤਾਂ ਹੁਣ ਹੋ ਕੇ ਹੀ ਰਹਿਣਾ ਹੈ। ਤੇ ਜੇ ਨਹੀਂ ਤਾਂ ਮੇਰੇ ਪਾਸ ਗੰਡਾਸਾ ਹੈ ਤੇ ਤਲਵਾਰ ਵੀ ਹੈ, ਤੇਰਾ ਫਸਤਾ ਮੁਕਾ ਦੇਵਾਂਗਾ।''

ਬੀਬੀ ਉਨ੍ਹਾਂ ਦਿਨਾਂ ਵਿਚ ਬੜੇ ਰੰਗਾਂ ਵਿਚ ਸਿਮਰਨ ਕਰਦੀ ਸੀ, ਇਸ ਹਾਲਤ ਵਿਚ ਸਤਿਗੁਰੂ ਜੀ ਨੇ ਆਪ ਹੌਸਲਾ ਬਖ਼ਸ਼ਿਆ। ਕਹਿਣ ਲਗੀ, 'ਭਾਈ ਜੀ, ਤੇਰਾ ਫ਼ੈਸਲਾ ਵੀ ਠੀਕ ਹੈ ਤੇ ਮੇਰਾ ਫ਼ੈਸਲਾ ਵੀ ਅਟੱਲ ਹੈ। ਜੋ ਕਰਨਾ ਹੈ ਕਰ ਲੈ।''

ਭਰਾ ਨੇ ਤਲਵਾਰ ਚੁਕ ਲਈ, ਤੇ ਮਾਂ ਦੇ ਹਟਾਉਂਦਿਆਂ ਬੀਬੀ ਨੂੰ ਧੂਹ ਕੇ ਪਸ਼ੂਆਂ ਵਾਲੇ ਵੇਹੜੇ ਵਿਚ ਲੈ ਗਿਆ। ਕਹਿਣ ਲਗਾ ''ਹੁਣ ਇਕ ਨਾ ਇਕ ਹੋ ਕੇ ਰਹੇਗੀ।'' ਬੀਬੀ ਕਹਿਣ ਲਗੀ, ''ਤੈਨੂੰ ਤਲਵਾਰ ਤੇ ਮਾਣ ਹੈ ਤੇ ਮੈਨੂੰ ਮੇਰੇ ਗੁਰੂ ਤੇ ਮਾਣ ਹੈ। ਓਹੋ ਹੋਵੇਗਾ ਜੋ ਉਸ ਨੂੰ ਮਨਜ਼ੂਰ ਹੋਵੇਗਾ।'' ਉਸ ਦੀ ਦ੍ਰਿੜ੍ਹਤਾ ਵੇਖ ਕੇ ਸੋਚਣ ਲਗ ਪਿਆ, ਤੇ ਵਾਪਸ 'ਮਾਂ' ਪਾਸ ਲੈ ਆਇਆ ਕਿ ਇਸ ਨੂੰ ਸਮਝਾ। ਮਾਂ ਰੋਣ ਲਗ ਪਈ ਤੇ ਬੀਬੀ ਨਾਲ ਦੇ ਮੰਜੇ ਤੇ ਲੇਟ ਗਈ। ਹੁਣ ਬੀਬੀ ਜੀ ਦਸਦੇ ਕਿ ਇਸ ਡਰਾਉਣੀ ਹਾਲਤ ਵਿਚ ਉਸ ਦਾ ਸਿਮਰਨ ਬੜੇ ਜ਼ੋਰ ਦਾ ਚਲ ਰਿਹਾ ਸੀ ਤੇ ਉਸ ਦੇ ਅੰਦਰ ਡਰ ਦਾ ਨਿਸ਼ਾਨ ਤਕ ਨਹੀਂ ਸੀ। ਸੱਚੇ ਪਾਤਸ਼ਾਹ ਪਰਤੱਖ ਹੋ ਗਏ, ਹੌਸਲਾ ਦਿਤਾ ਤੇ ਹੱਥ ਵਿਚ ਸਿਮਰਨਾ ਫੜਾ ਗਏ। (ਇਹ ਸਿਮਰਨਾ ਅੱਜ ਵੀ ਉਸ ਬੀਬੀ ਪਾਸ ਹੈ)। ਬਸ, ਫਿਰ ਕੀ ਸੀ, ਬੀਬੀ ਤਿਆਰ-ਬਰ-ਤਿਆਰ ਹੋ ਗਈ। ਕਹਿਣ ਲਗੀ, ''ਭਾਈ ਜੀ, ਜੋ ਮਰਜ਼ੀ ਕਰਨਾ ਚਾਹੁੰਦੇ ਹੋ, ਕਰ ਲਓ, ਮੇਰੇ ਸਤਿਗੁਰੂ ਜੀ ਆ ਗਏ ਹਨ।'' ਭਰਾ ਨੇ ਇਕ ਮਿੰਟ ਸੋਚਿਆ, ਫਿਰ ਤਲਵਾਰ ਸੁਟ ਦਿਤੀ।

---

* ਆਸਾ ਮਹਲਾ ੪, ਪੰਨਾ ੪੪੯ ‡ ਤਿਲੰਗ ਮ: ੧, ਪੰਨਾ ੭੨੧

www.AKJ.Org

ਕਹਿਣ ਲਗਾ, "ਅੱਛਾ ਤੂੰ ਜਿੱਤੀ ਤੇ ਅਸੀਂ ਹਾਰੇ। ਦਸ ਕਿਥੇ ਅਨੰਦ ਕਰਨਾ ਚਾਹੁੰਦੀ ਹੈਂ ?" ਕਹਿਣ ਲਗੀ, "ਇਹ ਭਾਈ ਸਾਹਿਬ ਜੀ ਦਸਣਗੇ ?"

ਕੁਦਰਤ ਨੂੰ ਐਸਾ ਹੀ ਮਨਜ਼ੂਰ ਸੀ ਕਿ ਉਸੇ ਦਿਨ ਦਾਸ ਨੇ ਕਾਕਾ ਦਿਆਲ ਸਿੰਘ ਨੂੰ (ਮੇਰੀ ਭੈਣ ਦਾ ਭੁਜੰਗੀ, ਜੋ ਮੇਰੇ ਪਾਸ ਲੁਧਿਆਣੇ ਪੜ੍ਹਦਾ ਸੀ) ਕੋਈ ਚੀਜ਼ ਦੇ ਕੇ ਸ੍ਰੀ ਮਾਨ ਭਾਈ ਸਾਹਿਬ ਜੀ ਪਾਸ ਭੇਜਿਆ ਸੀ। ਜਦੋਂ ਬੀਬੀ ਸੁਖਦੇਵ ਕੌਰ ਨੇ, ਜੋ ਘਰ ਵਿਚ ਰਾਤ ਨੂੰ ਬੀਤੀ ਸੀ, ਉਸ ਬਾਬਤ ਭਾਈ ਸਾਹਿਬ ਜੀ ਨੂੰ ਇਹ ਦਸਿਆ ਕਿ ਸੱਚੇ ਪਾਤਸ਼ਾਹ ਨੇ ਪਰਗਟ ਹੋ ਕੇ ਰਖਿਆ ਕੀਤੀ ਹੈ ਤਾਂ ਬੜੇ ਖੁਸ਼ ਹੋਏ ਤੇ ਉਸੇ ਸਵੇਰੇ ਦਾਸ ਨੂੰ ਬੁਲਾ ਭੇਜਿਆ। ਮੈਂ ਨਾਰੰਗਵਾਲ ਉਨ੍ਹਾਂ ਪਾਸ ਪੁਜਾ ਤਾਂ ਉਨ੍ਹਾਂ ਨੇ ਸਾਰੀ ਕਹਾਣੀ ਸੁਣਾ ਦਿਤੀ। ਦਾਸ ਨੇ ਉਨ੍ਹਾਂ ਦੇ ਚਰਨਾਂ ਤੇ ਸਿਰ ਰਖਿਆ। ਸੰਜੋਗ ਧੁਰੋਂ ਹੀ ਜੁੜੇ ਹੁੰਦੇ ਹਨ। ਬੀਬੀ ਸੁਖਦੇਵ ਵੀ ਉਥੇ ਬੈਠੇ ਸਨ। ਸੋ ਮਨਜ਼ੂਰੀ ਦਿਤੀ ਗਈ। ਉਸ ਨੇ ਘਰ ਜਾ ਕ ਸਾਰੀ ਕਹਾਣੀ ਸੁਣਾ ਦਿਤੀ। ਜਦੋਂ ਘਰ ਦਿਆਂ ਨੂੰ ਪਤਾ ਲਗਾ ਕਿ ਇਤਨਾ ਪੜ੍ਹਿਆ ਲਿਖਿਆ, ਸੁਚੱਜਾ ਭੁਜੰਗੀ ਮਿਲ ਰਿਹਾ ਹੈ ਤਾਂ ਸਭ ਨੇ ਬੜੀ ਖੁਸ਼ੀ ਮਨਾਈ ਤੇ ਸਾਰਾ ਪਰਵਾਰ ਭਾਈ ਸਾਹਿਬ ਜੀ ਦੇ ਘਰ ਆ ਗਿਆ ਤੇ ਉਥੇ ਹੀ ਮੰਗਣੀ ਦਾ ਅਰਦਾਸਾ ਹੋ ਗਿਆ। ਇਸ ਤੇ ਭਾਈ ਸਾਹਿਬ ਬਹੁਤ ਖੁਸ਼ ਹੋਏ। ਕਹਿਣ ਲਗੇ, "ਜੋਗੀ! ਇਹ ਸੱਚੇ ਪਾਤਸ਼ਾਹ ਦੀ ਬਖਸ਼ਸ਼ ਹੈ। ਤੂੰ ਸਾਡੀ ਲਾਜ ਪਾਲ ਲਈ ਹੈ, ਦਾਤਾ ਜੀ ਤੇਰੇ ਤੇ ਬਹੁਤ ਮਿਹਰ ਕਰਨਗੇ।" ਇਸ ਪਿਛੋਂ ਅਨੰਦ ਕਾਰਜ ਬਹੁਤ ਸਜ ਧਜ ਨਾਲ ਰੰਗਾਂ ਵਿਚ ਹੋਇਆ। ਭਾਈ ਸਾਹਿਬ ਅਖੀਰ ਤਕ ਬੀਬੀ ਸੁਖਦੇਵ ਕੌਰ ਨੂੰ ਬਹੁਤ ਹੀ ਪਿਆਰ ਕਰਦੇ ਸਨ ਤੇ ਬੀਬੀ ਨੇ ਵੀ ਸਾਰੀ ਜ਼ਿੰਦਗੀ ਪੂਰਨ ਗੁਰਮਤਿ ਵਿਚ ਵਿਚਰਦੇ ਗੁਜ਼ਾਰੀ ਹੈ।

['ਪੂਰਬ ਜਨਮ ਕੇ ਮਿਲੇ ਸੰਜੋਗੀ' ਪੁਸਤਕ ਵਿਚੋਂ]

ਅਜੋਕੇ ਸਿੱਖ ਨੌਜਵਾਨਾਂ ਵਿਚ ਇਕ ਭੈੜੀ ਵਾਦੀ

[ਭਾਈ ਨਿਰਮਲ ਸਿੰਘ, ਥਲੀ ਖੁਰਦ, ਰੋਪੜ]

ਅੱਜ ਕੱਲ੍ਹ ਕਈ ਨੌਜਵਾਨ ਦਸਤਾਰ ਸਜਾਉਣ ਤੋਂ ਪਹਿਲਾਂ ਆਪਣੇ ਕੇਸਾਂ ਨੂੰ ਖਿਲਾਰ ਕੇ ਜਾਂ ਸੋਸ ਦੇ ਸੱਜੇ ਖੱਬੇ ਦੋ ਜੂੜੀਆਂ ਜਿਹੀਆਂ ਬਣਾ ਕੇ ਦਸਤਾਰ ਸਜਾਉਂਦੇ ਵੇਖੀਦੇ ਹਨ। ਅਜਿਹਾ ਕਰਨ ਦਾ ਮਤਲਬ ਉਹ ਇਹ ਦੱਸਦੇ ਹਨ ਕਿ ਸੀਸ ਦੇ ਕੇਂਦਰ ਉਤੇ ਜੂੜਾ ਸਜਾਉਣ ਨਾਲ ਉਨ੍ਹਾਂ ਦੀ ਦਸਤਾਰ ਲੰਟ ਨਹੀਂ ਬੱਝਦੀ। ਉਨ੍ਹਾਂ ਦੀ ਇਸ ਦਲੀਲ ਵਿੱਚ ਕੋਈ ਵਜ਼ਨ ਨਹੀਂ ਜਾਪਦਾ, ਕਿਉਂਕਿ ਅੱਜ ਤੱਕ ਸਮੁੱਚਾ ਸਿੱਖ ਜਗਤ ਸੀਸ ਉਤੇ ਹੀ ਜੂੜਾ ਕੱਸ ਕੇ ਦਸਤਾਰ ਸਜਾਉਂਦਾ ਆਇਆ ਹੈ ਤੇ ਸਜਾ ਰਿਹਾ ਹੈ। ਲੇਕਿਨ ਇਹ ਭੈੜੀ ਵਾਦੀ ਨਵੀਂ ਪੀੜ੍ਹੀ ਦੇ ਨੌਜਵਾਨਾਂ ਵਿਚ ਕੁਝ ਕੁ ਸਾਲਾਂ ਤੋਂ ਪ੍ਰਚੱਲਤ ਹੋਈ ਹੈ, ਜਿਸ ਦਾ ਪ੍ਰਭਾਵ ਅੰਮ੍ਰਿਤਧਾਰੀ ਨੌਜਵਾਨਾਂ ਤੇ ਵੀ ਪਿਆ ਹੈ। ਸਾਨੂੰ ਬਹੁਤ ਅਫ਼ਸੋਸ ਹੀ ਅਜਿਹੇ ਅੰਮ੍ਰਿਤਧਾਰੀ ਵੀਰਾਂ ਨੂੰ ਵੇਖ ਕੇ ਹੁੰਦਾ ਹੈ ਜੋ ਅੰਨ੍ਹੇਵਾਹ ਇਸ ਵਹਿਣ ਵਿਚ ਰੁੜ੍ਹੇ ਜਾ ਰਹੇ ਹਨ। ਸਤਿਗੁਰੂ ਜੀ ਆਪ ਸੁਮੱਤ ਬਖਸ਼ਣ ਤਾਂਕਿ ਉਨ੍ਹਾਂ ਨੂੰ ਇਸ ਪੱਖੋਂ ਆਪਣੇ ਸਿੱਖੀ ਸਰੂਪ ਦੀ ਸਹੀ ਸੋਝੀ ਹੋ ਸਕੇ।

ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ। ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗ਼ਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।

੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

www.AKJ.Org

ਕਬਿਤ ਸਵੱਯੇ ਭਾਈ ਗੁਰਦਾਸ ਜੀ (੧੭)

ਗੁਰਸਿਖ ਸਾਧ-ਸੰਗ ਰੰਗ ਮੈ ਰੰਗੀਲੇ ਭਏ,
ਬਾਰੁਨੀ ਬਿਗੰਧ ਗੰਗ ਸੰਗ ਮਿਲੇ ਗੰਗ ਹੈ ॥
ਸੁਰਸਰੀ ਸੰਗਮ ਹੁਇ ਪ੍ਰਬਲ ਪ੍ਰਵਾਹ ਲਿਵ,
ਸਾਗਰ ਅਥਾਹ ਸਤਿਗੁਰ ਸੰਗ ਸੰਗਿ ਹੈ ॥
ਚਰਨ ਕਮਲ ਮਕਰੰਦ ਨਿਹਚਲ ਚਿਤ,
ਦਰਸਨ ਸੋਭਾ-ਨਿਧਿ ਲਹਿਰ ਤਰੰਗ ਹੈ ॥
ਅਨਹਦ ਸਬਦ ਕੈ ਸਰਬ ਨਿਧਾਨ ਦਾਨ,
ਗਿਆਨ ਅੰਸ ਹੰਸ ਗਤਿ ਸੁਮਤਿ ਸੁਬੰਗ ਹੈ ॥੯੮॥

ਪਦ ਅਰਥ : ਬਾਰੁਨੀ—ਸ਼ਰਾਬ । ਬਿਗੰਧ—ਦੁਰਗੰਧ । ਸੁਰਸਰੀ—ਗੰਗਾ । ਸੰਗਮ-ਮੇਲ । ਸਾਗਰ—ਸਮੁੰਦਰ । ਅਥਾਹ—ਜਿਸ ਦੀ ਥਾਹ ਨਾ ਪਾਈ ਜਾ ਸਕੇ । ਮਕਰੰਦ—ਫੁਲਾਂ ਅੰਦਰ ਵਸਦੀ ਸੁਗੰਧੀ ਦਾ ਰਸ, ਸੁਗੰਧਤ ਥੂੜੀ । ਨਿਹਚਲ—ਅਚੱਲ, ਅਡੋਲ । ਸੋਭਾ ਨਿਧਿ—ਬੇਅੰਤ ਸੋਭਾ । ਅਨਹਦ ਸ਼ਬਦ—ਇਕ ਰਸ ਹੋ ਰਹੀ ਨਾਮ-ਧੁਨੀ। ਸਰਬ ਨਿਧਾਨ—ਸਾਰੇ ਖ਼ਜ਼ਾਨੇ । ਦਾਨ—ਬਖਸ਼ਸ਼ । ਹੰਸ ਗਤਿ—ਹੰਸ ਵਾਂਗ । ਸੁਮਤਿ—ਸੋਝੀ । ਸੁਬੰਗ—ਸਾਰੇ ਅੰਗ ।

ਅਰਥ : ਜਿਵੇਂ ਦੁਰਗੰਧੀ ਵਾਲੀ ਸ਼ਰਾਬ ਗੰਗਾ ਵਿਚ ਮਿਲ ਕੇ ਗੰਗਾ ਹੋ ਜਾਂਦੀ ਹੈ ਇਵੇਂ ਹੀ ਗੁਰੂ ਦੇ ਸੱਚੇ ਸਿਖ-ਸੇਵਕਾਂ ਦੀ ਨਾਮ-ਰੰਗ-ਰਤੀ ਸੰਗਤ ਨਾਲ ਮਿਲ ਕੇ ਮਾਇਆ ਗ੍ਰਸੇ ਵਿਕਾਰੀ ਬੰਦੇ ਵੀ ਨਾਮ-ਰੰਗ ਵਿਚ ਰੰਗੇ ਜਾਂਦੇ ਹਨ ।

ਜਿਵੇਂ ਗੰਗਾ ਅਤੇ ਹੋਰ ਨਦੀਆਂ ਨਾਲਿਆਂ ਦੇ ਜਲ ਦਾ ਪ੍ਰਬਲ ਪ੍ਰਵਾਹ ਅਥਾਹ ਸਮੁੰਦਰ ਵਿਚ ਸਮਾ ਜਾਂਦਾ ਹੈ, ਤਿਵੇਂ ਸਤਿ ਪੁਰਖਾਂ ਦੀ ਸੰਗਤ ਨਾਲ ਮਿਲ ਕੇ, ਸਤਿਗੁਰੂ-ਸਮੁੰਦਰ ਵਿਚ ਲਿਵ ਲੀਨ ਹੋ ਜਾਈਦਾ ਹੈ ।

ਸਤਿਗੁਰੂ ਦੇ ਚਰਨ ਕਮਲਾਂ ਦੀ ਸੁਗੰਧਤ ਥੂੜੀ ਵਿਚ ਚਿਤ ਅਡੋਲ ਹੋ ਜਾਂਦਾ ਹੈ ਅਤੇ ਦਰਸ਼ਨ ਦੀ ਬੇਅੰਤ ਸੋਭਾ ਵਿਚ (ਨਾਮ-ਰੰਗ ਦੀਆਂ) ਲਹਿਰਾਂ ਦੇ ਅਨੇਕ ਤਰੰਗ ਲਹਿਰਾਂ ਮਾਰਦੇ ਹਨ ।

(ਨਾਮ-ਸਿਮਰਨ ਸਦਕਾ) ਅਨਹਦ ਸ਼ਬਦ ਦੀ ਰਸਾਈ ਹੋਣ ਨਾਲ ਮਾਨੋ ਸਾਰੇ ਖਜ਼ਾਨੇ ਮਿਲ ਜਾਂਦੇ ਹਨ ਅਤੇ ਹੰਸਾਂ ਦੀ ਅੰਸ ਵਾਂਗ ਸਤਿਗੁਰੂ ਦੇ ਗਿਆਨ ਦੀ ਸੋਝੀ ਰੋਮ ਰੋਮ ਵਿਚ ਹੋ ਜਾਂਦੀ ਹੈ ।੯੮।

ਗੁਰਮੁਖਿ ਮਾਰਗ ਹੁਇ ਦੁਬਿਧਾ ਭਰਮ ਖੋਇ,
ਚਰਨ ਸਰਨਿ ਗਹੇ ਨਿਜ ਘਰਿ ਆਏ ਹੈ ॥
ਦਰਸੁ ਦਰਸਿ ਦਿਬ ਦ੍ਰਿਸਟਿ ਪ੍ਰਗਾਸ ਭਈ,
ਅੰਮ੍ਰਿਤ ਕਟਾਛ ਕੈ ਅਮਰ ਪਦ ਪਾਏ ਹੈ ॥
ਸਬਦ ਸੁਰਤਿ ਅਨਹਦ ਨਿਝਰ ਝਰਨ,
ਸਿਮਰਨ ਮੰਤ੍ਰ ਲਿਵ ਉਨਮਨ ਛਾਏ ਹੈ ॥
ਮਨ ਬਚ ਕ੍ਰਮ ਹੁਇ ਇਕਤ੍ਰ ਗੁਰਮੁਖਿ ਸੁਖ,
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਪਜਾਏ ਹੈ ॥੯੯॥

ਪਦ ਅਰਥ : ਗੁਰਮੁਖ ਮਾਰਗ—ਗੁਰਸਿੱਖੀ ਦਾ ਰਾਹ । ਦੁਬਿਧਾ—ਦਵੈਤਾ-ਪਣ । ਗਹੇ—ਪਕੜਿਆਂ, ਓਟ ਲਿਆਂ । ਨਿਜ ਘਰਿ—ਆਤਮ ਸਰੂਪ ਵਿਚ । ਦਰਸੁ ਦਰਸਿ—ਸਤਿਗੁਰੂ ਦਾ ਦਰਸ਼ਨ ਦੇਖਣ ਨਾਲ । ਦਿਬ ਦ੍ਰਿਸਟਿ—ਅਲੌਕਿਕ ਦ੍ਰਿਸ਼ਟੀ, ਗਿਆਨ ਦ੍ਰਿਸ਼ਟੀ, ਹਰ ਪਾਸੇ ਪ੍ਰਭੂ ਨੂੰ ਦੇਖਣ ਵਾਲੀ ਦ੍ਰਿਸ਼ਟੀ । ਪ੍ਰਗਾਸ ਭਈ—ਪ੍ਰਗਟਦੀ ਹੈ ।

www.AKJ.Org

ਅੰਮ੍ਰਿਤ ਕਟਾਛ–ਅਮਰ ਕਰ ਦੇਣ ਵਾਲੀ ਮਿਹਰ-ਨਜ਼ਰ। ਅਮਰ ਪਦ–ਅਟੱਲ ਪਦਵੀ। ਅਨਹਦ–ਇਕ-ਰਸ ਨਾਮ ਦੀ ਧੁਨੀ। ਨਿਝਰ–ਇਕ ਰਸ ਝਰਨ ਵਾਲੀ। ਝਰਨ–ਝਰਨੇ, ਫੁਹਾਰੇ। ਮੰਤ੍ਰ–ਗੁਰ-ਸ਼ਬਦ। ਉਨਮਨ–ਉਚੇ (ਆਤਮ-ਰੰਗ)। ਬਚ–ਬਾਣੀ। ਕ੍ਰਮ–ਕਰਮਾਂ ਕਰਕੇ। ਹੋਇ ਇਕਤ੍ਰ–ਇਕਾਗਰ ਹੋਇਆਂ। ਪ੍ਰੇਮ ਨੇਮ–ਪ੍ਰਭੂ ਦੇ ਪ੍ਰੇਮ ਦੀ ਮਰਯਾਦਾ। ਬਿਸਮ–ਅਸਚਰਜ, ਨਿਰਾਲਾ। ਬਿਸ੍ਵਾਸ–ਭਰੋਸਾ। ਉਪਜਾਏ ਹੈ–ਪੈਦਾ ਹੁੰਦਾ ਹੈ।

ਅਰਥ : ਗੁਰਸਿੱਖੀ ਮਾਰਗ ਵਿਚ ਪਰਵੇਸ਼ ਹੋਇਆਂ ਦਵੈਤਾ ਤੇ ਭਰਮ ਨਾਸ ਹੋ ਜਾਂਦੇ ਹਨ ਅਤੇ ਸਤਿਗੁਰੂ ਦੇ ਚਰਨਾਂ ਦਾ ਆਸਰਾ ਲਿਆਂ ਆਪਣੇ ਆਤਮ ਸਰੂਪ ਵਿਚ ਜੁੜ ਜਾਈਦਾ ਹੈ।

ਸਤਿਗੁਰੂ ਦਾ ਦਰਸ਼ਨ ਕਰਨ ਨਾਲ ਅਲੌਕਿਕ ਦ੍ਰਿਸ਼ਟੀ, ਭਾਵ, ਸਭ ਪਾਸੇ ਵਾਹਿਗੁਰੂ ਨੂੰ ਦੇਖਣ ਵਾਲੀ ਦ੍ਰਿਸ਼ਟੀ ਹੋ ਜਾਂਦੀ ਹੈ ਅਤੇ ਸਤਿਗੁਰੂ ਦੇ ਅਮਰ ਕਰ ਦੇਣ ਵਾਲੇ ਮਿਹਰ ਦੇ ਕਟਾਖ ਨਾਲ ਅਟਲ ਪਦਵੀ ਪਾ ਲਈਦੀ ਹੈ।

ਸ਼ਬਦ ਸੁਰਤਿ ਦੇ ਜੁੜਨ ਨਾਲ, ਇਕ-ਰਸ ਨਾਮ ਦੀ ਧੁਨੀ ਉਪਜਣ ਦੇ ਕਾਰਨ, ਇਕ-ਰਸ ਝਰਨ ਵਾਲੀ ਅੰਮ੍ਰਿਤ ਧਾਰਾ ਦੇ ਝਰਨੇ ਝਰਨ ਲਗ ਪੈਂਦੇ ਹਨ। ਗੁਰ-ਮੰਤ੍ਰ ਦੇ ਸਿਮਰਨ ਵਿਚ ਲਿਵ ਲਗਿਆਂ ਉਚੇ ਆਤਮ-ਰੰਗ ਛਾ ਜਾਂਦੇ ਹਨ।

ਮਨ, ਬਾਣੀ ਅਤੇ ਕਰਮਾਂ ਕਰਕੇ ਇਕਾਗਰ ਹੋਇਆਂ ਗੁਰਮੁਖਿ ਨੂੰ ਸੱਚਾ ਆਤਮ-ਸੁਖ ਪ੍ਰਾਪਤ ਹੋ ਜਾਂਦਾ ਹੈ ਅਤੇ ਪ੍ਰਭੂ ਪ੍ਰੇਮ ਦੀ ਇਸ ਨਿਰਾਲੀ ਮਰਯਾਦਾ ਕਾਰਨ, ਉਸ ਦੇ ਅੰਦਰ ਅਲੌਕਿਕ ਵਿਸ਼ਵਾਸ ਪੈਦਾ ਹੋ ਜਾਂਦਾ ਹੈ।੮੬।

ਗੁਰਮੁਖਿ ਆਪਾ ਖੋਇ, ਜੀਵਨ ਮੁਕਤਿ ਗਤਿ,
ਬਿਸਮ ਬਿਦੇਹ ਗੇਹ ਸਮਤ ਸੁਭਾਉ ਹੈ॥
ਜਨਮ ਮਰਨ ਸਮ, ਨਰਕ ਸੁਰਗ ਅਰੁ,
ਪੁੰਨ ਪਾਪ, ਸੰਪਤ ਬਿਪਤ, ਚਿੰਤਾ ਚਾਉ ਹੈ॥
ਬਨ ਗ੍ਰਹ, ਜੋਗ ਭੋਗ, ਲੋਗ ਬੇਦ, ਗਿਆਨ ਧਿਆਨ,
ਦੁਖ ਸੁਖ ਸੋਗਾਨੰਦ ਮਿਤ੍ਰ ਸਤ੍ਰੁਤਾਉ ਹੈ॥
ਲੋਸਟ ਕਨਿਕ ਬਿਖੁ ਅੰਮ੍ਰਿਤੁ ਅਗਨਿ ਜਲ,
ਸਹਜ ਸਮਾਧਿ ਉਨਮਨ ਅਨੁਰਾਉ ਹੈ॥੯੦॥

ਪਦ ਅਰਥ : ਆਪਾ ਖੋਇ–ਆਪਾ ਭਾਵ, ਅਪੱਣਤ ਗੁਆ ਕੇ। ਜੀਵਨ ਮੁਕਤਿ ਗਤਿ–ਜੀਉਂਦੇ ਜੀ ਮੁਕਤੀ ਵਾਲੀ ਦਸ਼ਾ। ਬਿਸਮ–ਅਸਚਰਜ, ਅਲੌਕਿਕ, ਨਿਰਾਲੀ। ਬਿਦੇਹ–ਦੇਹ ਅਭਿਮਾਨ ਤੋਂ ਰਹਿਤ। ਗੇਹ–ਘਰ, ਗ੍ਰਿਹਸਤ। ਸਮਤ–ਇਕ-ਸਮਾਨ। ਸਮ–ਬਰਾਬਰ। ਸੰਪਤ੍ਰਿ–ਐਸ਼ਵਰਜ। ਚਾਉ–ਖ਼ੁਸ਼ੀ, ਖੇੜਾ। ਬਨ–ਜੰਗਲ। ਗ੍ਰਹ–ਘਰ। ਜੋਗ–ਸੰਸਾਰ ਤੋਂ ਉਪਰਾਮ। ਭੋਗ–ਸੰਸਾਰਕ ਭੋਗਾਂ ਵਿਚ ਪ੍ਰਵਿਰਤ। ਲੋਕ–ਲੋਕ ਰੀਤੀ। ਬੇਦ–ਬੇਦ ਰੀਤੀ। ਸੋਗਾਨੰਦ–ਸੋਗ ਤੇ ਅਨੰਦ। ਸਤ੍ਰੁਤਾਉ–ਦੁਸ਼ਮਣੀ। ਲੋਸਟ–ਮਿੱਟੀ ਦਾ ਢੇਲਾ। ਕਨਿਕ–ਸੋਨਾ। ਬਿਖੁ–ਜ਼ਹਿਰ। ਉਨਮਨ–ਗਿਆਨ ਅਵਸਥਾ। ਅਨੁਰਾਉ–ਪ੍ਰੀਤ।

ਅਰਥ : ਗੁਰੂ ਕਾ ਅਨਿੰਨ ਸਿਖ-ਸੇਵਕ ਆਪਾ ਭਾਵ ਗੁਆ ਕੇ ਜੀਉਂਦੇ-ਜੀ ਮੁਕਤੀ ਵਾਲੀ ਦਸ਼ਾ ਨੂੰ ਪਾ ਲੈਂਦਾ ਹੈ ਅਤੇ ਗ੍ਰਿਹਸਤ ਵਿਚ ਰਹਿੰਦਿਆਂ, ਅਲੌਕਿਕ ਬਿਦੇਹ ਅਵਸਥਾ ਵਿਚ ਟਿਕ ਕੇ (ਦੁਖ ਸੁਖ ਵਿਚ) ਇਕ ਬਰਾਬਰ ਰਹਿਣ ਵਾਲੇ ਸੁਭਾਉ ਵਾਲਾ ਹੋ ਜਾਂਦਾ ਹੈ।

(ਫਿਰ ਉਸ ਗੁਰਮੁਖਿ ਲਈ) ਜੰਮਣਾ ਮਰਨਾ, ਨਰਕ ਸੁਰਗ ਅਤੇ ਪੁੰਨ ਪਾਪ, ਐਸ਼ਵਰਜ ਤੇ ਬਿਪਤਾ ਅਤੇ ਚਿੰਤਾ ਤੇ ਖੁਸ਼ੀ-ਖੇੜਾ ਸਭ ਇਕ ਸਮਾਨ ਹੋ ਜਾਂਦ ਹਨ।

(ਉਸ ਗੁਰਮੁਖਿ ਲਈ) ਜੰਗਲ ਤੇ ਘਰ, ਜੋਗ ਤੇ ਭੋਗ, ਲੋਕ-ਰੀਤੀ ਤੇ ਬੇਦ-ਰੀਤੀ, ਗਿਆਨ ਤੇ ਧਿਆਨ, ਦੁਖ ਤੇ ਸੁਖ, ਸੋਗ ਤੇ ਅਨੰਦ ਅਤੇ ਮਿਤ੍ਰਤਾ ਤੇ ਦੁਸ਼ਮਣੀ ਸਭ ਕੁਝ ਇਕ ਬਰਾਬਰ ਹਨ।

www.AKJ.Org

ਮਿੱਟੀ ਦਾ ਢੇਲਾ ਤੇ ਸੋਨਾ, ਜ਼ਹਿਰ ਤੇ ਅੰਮ੍ਰਿਤ, ਅਗਨੀ ਤੇ ਪਾਣੀ (ਗੁਰਮੁਖਿ ਲਈ ਇਕੋ ਜਿਹੇ ਹਨ), ਕਿਉਂਕਿ ਉਸ ਦੀ ਪ੍ਰੀਤੀ ਤਾਂ ਗਿਆਨ-ਅਵਸਥਾ ਵਾਲੀ ਸਹਜ ਸਮਾਧੀ ਵਿਚ ਜੁੜੇ ਰਹਿਣ ਵਿਚ ਹੁੰਦੀ ਹੈ ।੯੦।

ਸਫਲ ਜਨਮ ਗੁਰਮੁਖਿ ਹੁਇ ਜਨਮ ਜੀਤਿਓ,
ਚਰਨ ਸਫਲ ਗੁਰ ਮਾਰਗ ਰਵਨ ਕੈ ॥
ਲੋਚਨ ਸਫਲ ਗੁਰ ਦਰਸਾ ਵਲੋਕਨ ਕੈ,
ਮਸਤਕ ਸਫਲ ਰਜ ਪਦ ਗਵਨ ਕੈ ॥
ਹਸਤ ਸਫਲ ਨਮ ਸਤਿਗੁਰ ਬਾਣੀ ਲਿਖੇ,
ਸੁਰਤਿ ਸਫਲ ਗੁਰ-ਸਬਦ ਸ੍ਰਵਨ ਕੈ ॥
ਸੰਗਤਿ ਸਫਲ ਗੁਰਸਿਖ ਸਾਧ ਸੰਗਮ ਕੈ,
ਪ੍ਰੇਮ ਨੇਮ ਗੰਮਿਤਾ ਤ੍ਰਿਕਾਲ ਤ੍ਰਿਭਵਨ ਕੈ ॥੯੧॥

ਪਦ ਅਰਥ : ਰਵਨ–ਚਲਣ । ਲੋਚਨ–ਨੇਤਰ । ਦਰਸਾ ਵਲੋਕਨ–ਦਰਸ ਅਵਲੋਕਨ, ਦਰਸ ਵੇਖਣਾ । ਰਜ ਪਦ–ਚਰਨਾਂ ਦੀ ਧੂੜੀ । ਗਵਨ–ਤੁਰਨ, ਚਲਣ । ਹਸਤ–ਹੱਥ । ਨਮ–ਨਮਸਕਾਰ । ਸੁਰਤਿ–ਕੰਨ । ਸ੍ਰਵਨ–ਸੁਣਨ । ਸੰਗਮ–ਮਿਲਾਪ । ਗੰਮਿਤਾ–ਪਹੁੰਚ । ਤ੍ਰਿਕਾਲ–ਤਿੰਨ ਕਾਲ : ਭੂਤ, ਵਰਤਮਾਨ ਤੇ ਭਵਿਖਤ । ਤ੍ਰਿਭਵਨ–ਤਿੰਨ ਲੋਕ : ਅਕਾਸ਼, ਧਰਤੀ ਤੇ ਪਤਾਲ ।

ਅਰਥ : ਮਨੁਖਾ ਜਨਮ ਤਦੇ ਸਫਲ ਜਾਣੋ ਜੇ ਸਤਿਗੁਰੂ ਦਾ ਆਗਿਆਕਾਰੀ ਗੁਰਮੁਖ ਹੋ ਕੇ, ਮਨੁਖਾ ਜੀਵਨ ਦੀ ਬਾਜ਼ੀ ਜਿੱਤੀ ਜਾਏ । ਪੈਰ ਤਦੇ ਸਫਲੇ ਹਨ ਜੇ (ਸਤਿਗੁਰੂ ਦੇ ਦ੍ਰਿੜ੍ਹਾਏ ਨਾਮ ਸਿਮਰਨ ਵਾਲੇ) ਗੁਰਸਿੱਖੀ ਮਾਰਗ ਵਲ ਚਲਣ ।

ਨੇਤਰ ਤਦੇ ਸਫਲੇ ਹਨ ਜੋ ਸਤਿਗੁਰੂ ਨੂੰ (ਪਰਤੱਖ ਜ਼ਾਹਰਾ ਜ਼ਹੂਰ ਜਾਣ ਕੇ ਉਸ ਦੇ) ਦਰਸ਼ਨ ਕਰਨ ਅਤੇ ਮੱਥਾ ਤਦੇ ਸਫਲਾ ਹੈ ਜੇ ਸਤਿਗੁਰੂ ਦੇ ਚਲਣ ਵਾਲੇ ਰਸਤੇ ਦੀ ਧੂੜੀ ਨੂੰ ਪਰਸੇ ।

ਹੱਥ ਤਦੇ ਸਫਲੇ ਹਨ ਜੇ ਸਤਿਗੁਰੂ ਨੂੰ ਨਮਸਕਾਰ ਕਰਨ ਅਤੇ ਸਤਿਗੁਰੂ ਦੀ ਬਾਣੀ ਨੂੰ ਲਿਖਣ । ਕੰਨ ਸਫਲੇ ਹੁੰਦੇ ਹਨ ਗੁਰ-ਸ਼ਬਦ ਨੂੰ ਸੁਣਨ ਨਾਲ ।

ਸੰਗਤ ਕਰਨੀ ਸਫਲੀ ਹੈ ਜੇ ਗੁਰਸਿਖਾਂ ਸਤਿ ਪੁਰਖਾਂ ਦੇ ਮਿਲਾਪ ਵਿਚ ਕੀਤੀ ਜਾਏ । ਇਉਂ ਪ੍ਰਭੂ-ਪ੍ਰੇਮ ਦੀ ਮਰਯਾਦਾ ਨਿਭਾਂਦਿਆਂ ਤਿੰਨਾਂ ਕਾਲਾਂ ਤੇ ਤਿੰਨਾਂ ਭਵਨਾਂ ਦੀ ਸੋਝੀ ਹੋ ਆਉਂਦੀ ਹੈ ।੯੧।

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ,
ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈਂ ॥
ਭੈਜਲ ਭਇਆਨਕ ਲਹਰ ਨਾ ਬਿਆਪਿ ਸਕੈ,
ਦੁਬਿਧਾ ਨਿਵਾਰਿ, ਏਕ ਟੇਕ ਠਹਰਾਨੇ ਹੈਂ ॥
ਦ੍ਰਿਸਟਿ ਸਬਦ ਸੁਰਤਿ ਬਰਜਿ ਬਿਸਰਜਿਤ,
ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰਿ ਆਨੇ ਹੈਂ ॥
ਜੀਵਨ-ਮੁਕਤਿ ਜਗ ਜੀਵਨ ਜੀਵਨ ਮੂਲ,
ਆਪਾ ਖੋਇ ਹੋਇ ਅਪਰੰਪਰ ਪਰਾਨੇ ਹੈਂ ॥੯੨॥

ਪਦ ਅਰਥ : ਮਕਰੰਦ–ਫੁਲਾਂ ਵਿਚ ਵਿਆਪਕ ਸੁਗੰਧੀ ਦਾ ਰਸ, ਧੂੜੀ । ਲੁਭਿਤ ਹੁਇ–ਲੋਭੀ ਹੋ ਕੇ । ਸਹਜ ਸਮਾਧਿ–ਅਡੋਲ ਟਿਕਾਅ ਵਿਚ ਪ੍ਰਭੂ-ਚਰਨਾਂ ਨਾਲ ਜੁੜਨ ਵਾਲੀ ਅਵਸਥਾ । ਸੁਖ ਸੰਪਟ–ਆਤਮ-ਸੁਖ ਰੂਪੀ ਡੱਬਾ । ਭੈਜਲ–ਭਿਆਨਕ, ਡਰਾਉਣਾ ਸੰਸਾਰ-ਸਮੁੰਦਰ । ਬਿਆਪਿ ਸਕੈ–ਵਿਆਪ ਸਕਦੀ, ਦਬਾਅ ਸਕਦੀ । ਦੁਬਿਧਾ–ਦਵੈਤਾ-ਪਣ । ਨਿਵਾਰਿ–ਦੂਰ ਕਰ ਕੇ । ਏਕ ਟੇਕ–ਇਕ ਵਾਹਿਗੁਰੂ ਦੀ ਓਟ । ਠਹਰਾਨੇ ਹੈ–ਟਿਕਦੀ

www.AKJ.Org

ਹੈ। ਦ੍ਰਿਸਟਿ–ਦ੍ਰਿਸ਼ਟੀ, ਨਜ਼ਰ। ਸਬਦ–(ਉਸਤਤਿ ਨਿੰਦਾ ਦੇ) ਸ਼ਬਦ। ਸੁਰਤਿ–ਕੰਨ। ਬਰਜਿ–ਰੋਕ ਕੇ। ਬਿਸਰਜਿਤ–ਹਟਾਉਣਾ। ਬਿਸਮ–ਅਸਚਰਜ, ਅਲੌਕਿਕ। ਬਿਸ੍ਵਾਸ–ਭਰੋਸਾ। ਉਰਿ–ਹਿਰਦੇ ਵਿਚ। ਜਗ ਜੀਵਨ–ਜਗਤ ਦਾ ਜੀਵਨ। ਜੀਵਨ ਮੂਲ–ਜੀਵਨ ਦਾ ਸੋਮਾ। ਆਪਾ ਖੋਇ–ਆਪਾ ਭਾਵ ਗੁਆ ਕੇ। ਅਪਰੰਪਰ–ਪਰੇ ਤੋਂ ਪਰੇ, ਬੇਅੰਤ ਵਾਹਿਗੁਰੂ। ਪਰਾਨੇ ਹੈਂ–ਪ੍ਰਾਇਣ, ਆਸਰੇ ਹੁੰਦਾ ਹੈ।

ਅਰਥ : ਸਤਿਗੁਰੂ ਦੇ ਚਰਨ ਕਮਲਾਂ ਦੀ ਧੂੜੀ ਦੇ ਰਸ ਦਾ ਲੰਭੀ ਹੋ ਕੇ (ਗੁਰੂ ਕਾ ਸੱਚਾ ਸੇਵਕ) ਸਹਜ ਸਮਾਧੀ ਵਿਚ ਜੁੜ ਕੇ, ਆਤਮ-ਸੁਖ ਰੂਪੀ ਡੱਬੇ ਵਿਚ ਸਮਾਅ ਜਾਂਦਾ ਹੈ।

(ਗੁਰਮੁਖ ਨੂੰ) ਡਰਾਉਣੇ ਸੰਸਾਰ ਦੀ (ਆਸਾ-ਤ੍ਰਿਸ਼ਨਾ ਰੂਪੀ) ਲਹਿਰ ਵਿਆਪ ਨਹੀਂ ਸਕਦੀ, ਕਿਉਂਕਿ ਉਸ ਨੇ ਦਵੈਤਾ ਭਾਵ ਦੂਰ ਕਰ ਕੇ ਇਕ ਵਾਹਿਗੁਰੂ ਦੀ ਓਟ ਲੈ ਲਈ ਹੁੰਦੀ ਹੈ।

(ਗੁਰੂ ਦਾ ਅਨਿੰਨ ਸਿਖ-ਸੇਵਕ) ਮੰਦੇ ਪਾਸੇ ਵਲੋਂ ਆਪਣੀ ਨਜ਼ਰ ਨੂੰ ਤੇ ਉਸਤਤਿ ਨਿੰਦਾ ਦੇ ਸ਼ਬਦ ਵਲੋਂ ਕੰਨਾਂ ਨੂੰ ਰੋਕ ਕੇ ਰਖਦਾ ਹੈ ਅਤੇ ਪ੍ਰਭੂ-ਪ੍ਰੇਮ ਦੀ ਮਰਯਾਦਾ ਨਿਭਾਂਦਿਆਂ ਗੁਰੂ-ਵਾਹਿਗੁਰੂ ਲਈ ਅਲੌਕਿਕ ਵਿਸ਼ਵਾਸ ਹਿਰਦੇ ਵਿਚ ਵਸਾਂਦਾ ਹੈ।

ਜੀਵਨ-ਮੁਕਤ ਹੋਇਆ ਗੁਰਮੁਖ, ਆਪਾ ਭਾਵ, ਹਉਮੈ ਨੂੰ ਗੁਆ ਕੇ, ਜਗਤ ਦੇ ਜੀਵਨ ਅਤੇ ਜੀਵਨ ਦੇ ਸੋਮੇ ਬੇਅੰਤ ਵਾਹਿਗੁਰੂ ਦੇ ਪ੍ਰਾਇਣ ਹੀ ਹੋ ਜਾਂਦਾ ਹੈ।੯੨।

ਸਰਿਤਾ ਸਰੋਵਰ ਸਲਿਲ ਮਿਲ ਏਕ ਭਏ,
ਏਕ ਸੈ ਅਨੇਕ ਹੋਤ ਕੈਸੇ ਨਿਰਵਾਰੋ ਜੀ ॥
ਪਾਨ ਚੂਨਾ ਕਾਥਾ ਸੁਪਾਰੀ ਖਾਏ ਸੁਰੰਗ ਭਏ,
ਬਹੁਰਿ ਨ ਚਤੁਰ ਬਰਨ ਬਿਸਥਾਰੋ ਜੀ ॥
ਪਾਰਸ ਪਰਸਿ ਹੋਤ ਕਨਿਕ ਅਨਿਕ ਧਾਤ,
ਕਨਿਕ ਸੈ ਅਨਿਕ ਨ ਹੋਤ ਗੋਤਾਚਾਰੋ ਜੀ ॥
ਚੰਦਨ ਸੁਬਾਸ ਕੈ ਸੁਬਾਸਨਾ ਬਨਾਸਪਤੀ,
ਭਗਤ ਜਗਤ-ਪਤਿ ਬਿਸਮ ਬਿਚਾਰੋ ਜੀ ॥੯੩॥

ਪਦ ਅਰਥ : ਸਰਿਤਾ–ਨਦੀ। ਸਲਿਲ–ਜਲ। ਨਿਰਵਾਰੋ–ਰੋਕਣਾ, ਨਿਖੇੜਨਾ। ਸੁਰੰਗ–[ਉਚਾਰਣ–ਸੁ-ਰੰਗ] ਸੋਹਣਾ (ਲਾਲ) ਰੰਗ। ਬਹੁਰਿ–ਫਿਰ। ਚਤੁਰ ਬਰਨ–ਚਾਰੇ ਰੰਗ। ਬਿਸਥਾਰੋ–ਵਿਸਥਾਰ, ਵਖ ਵਖ। ਪਰਸਿ–ਪਰਸ ਕੇ, ਛੁਹ ਕੇ। ਕਨਿਕ–ਸੋਨਾ। ਗੋਤਾਚਾਰੋ–ਵਖ ਵਖ ਜਾਤਾਂ (ਦੀਆਂ ਧਾਤਾਂ)। ਸੁਬਾਸ–ਸੁਗੰਧੀ। ਬਨਾਸਪਤੀ–ਸਾਰੀ ਹਰੀਆਵਲ, ਬ੍ਰਿਛ ਬੂਟੇ ਆਦਿ। ਜਗਤ ਪਿਤ–ਜਗਤ ਦਾ ਪਿਤਾ ਵਾਹਿਗੁਰੂ। ਬਿਸਮ ਬਿਚਾਰੋ–ਅਸਚਰਜ ਵੀਚਾਰ, ਵਾਰਤਾ।

ਅਰਥ : ਨਦੀ ਤੇ ਸਰੋਵਰ ਦਾ ਜਲ ਮਿਲ ਕੇ ਇਕ ਰੂਪ ਹੋ ਜਾਂਦਾ ਹੈ, ਫਿਰ ਇਕ ਹੋਏ ਤੋਂ ਵਖੋ ਵਖਰੇ ਅਨੇਕ ਰੂਪ ਕਿਵੇਂ ਨਿਖੇੜੇ ਜਾ ਸਕਦੇ ਹਨ ? ਭਾਵ, ਉਹ ਵਖ ਵਖ ਨਹੀਂ ਕੀਤੇ ਜਾ ਸਕਦੇ।

ਪਾਨ, ਚੂਨ, ਕਥਾ ਤੇ ਸੁਪਾਰੀ ਚਹੁੰਆਂ ਨੂੰ ਮਿਲਾ ਕੇ ਖਾਧਿਆਂ ਗੂੜ੍ਹਾ ਲਾਲ ਰੰਗ ਹੋ ਜਾਂਦਾ ਹੈ, ਪਰ ਫਿਰ ਚਾਰੇ ਰੰਗ ਵਖ ਵਖ ਨਹੀਂ ਕੀਤੇ ਜਾ ਸਕਦੇ।

ਪਾਰਸ ਨੂੰ ਛੁਹ ਕੇ ਅਨੇਕਾਂ ਧਾਤਾਂ ਸੋਨਾ ਹੋ ਜਾਂਦੀਆਂ ਹਨ, ਪਰ ਫਿਰ ਸੋਨੇ ਤੋਂ ਵਖ ਵਖ ਜਾਤਿ-ਗੋਤ ਦੀਆਂ ਧਾਤਾਂ ਨਹੀਂ ਹੋ ਸਕਦੀਆਂ।

ਚੰਦਨ ਦੀ ਸੁਗੰਧੀ ਨਾਲ ਸਾਰੇ ਬ੍ਰਿਛ ਬੂਟੇ ਸੁਗੰਧੀ ਵਾਲੇ ਹੋ ਜਾਂਦੇ ਹਨ (ਪਰ ਉਹ ਸੁਗੰਧੀ ਫਿਰ ਨਿਖੇੜੀ ਨਹੀਂ ਜਾ ਸਕਦੀ)। (ਇਸੇ ਤਰ੍ਹਾਂ ਹੀ) ਭਗਤਾਂ ਅਤੇ ਜਗਤ ਦੇ ਪਿਤਾ ਵਾਹਿਗੁਰੂ (ਦੇ ਮਿਲਾਪ) ਦੀ ਹੈਰਾਨ ਕਰਨ ਵਾਲੀ ਗਾਥਾ ਹੈ, ਭਾਵ ਹਰੀ ਤੇ ਹਰੀ ਜਨ ਇਕ-ਰੂਪ ਹੋ ਜਾਂਦੇ ਹਨ, ਫਿਰ ਉਥੇ ਹੋਰ ਕੋਈ ਵਿਚਾਰ ਨਹੀਂ ਰਹਿ ਜਾਂਦੀ।੯੩।

www.AKJ.Org

ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥਾਂ ਤੇ ਇਕ ਨਜ਼ਰ (੩)

[ਕੈਪਟਿਨ ਸਵਰਨ ਸਿੰਘ ਜੀ]

ਗੁਰੂ ਜੀ ਉਤੇ ਲਾਈ ਗਈ ਉਜ ਦਾ ਕੋਈ ਸਿਰ ਪੈਰ ਹੀ ਨਹੀਂ–

ਖੁਸਰੋ ਦੀ ਬਗਾਵਤ ਉਤੇ ਜਹਾਂਗੀਰ ਨੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੈ। ਉਸ ਦੇ ਸੰਗੀ ਸਾਥੀ ਜਾਂ ਜਿਸ ਉਤੇ ਵੀ ਰੰਚਕ ਭਰ ਸ਼ਕ ਪਿਆ, ਤਸੀਹੇ ਦੇ ਦੇ ਕੇ ਮਾਰ ਦਿਤੇ ਗਏ ਹਨ। ਇਸ ਬਾਰੇ ਐਲਫਿਨਸਟਨ ਲਿਖਦਾ ਹੈ–"ਖੁਸਰੋ ਦੇ ਵਿਸ਼ੇਸ਼ ਸਲਾਹਕਾਰ ਤੇ ਉਸ ਦੇ ਮਗਰ ਲਗਣ ਵਾਲੇ ਜੋ ਬਾਦਸ਼ਾਹ ਦੇ ਹੱਥ ਆਏ, ਉਸ ਨੂੰ ਓਹਨਾਂ ਉਤੇ ਆਪਣੇ ਆਚਰਨ ਦਾ ਵਹਿਸ਼ੀ-ਪੁਣਾ ਕੱਢਣ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਸੜਕਾਂ-ਕੰਢੇ ਦੋਹੀਂ ਪਾਸੀਂ ਗੱਡੇ ਹੋਏ ਨੇਜ਼ਿਆਂ ਉਤੇ ਟੰਗੇ ਗਏ, ਭਾਵ ਸੂਲੀ ਚਾੜ੍ਹੇ ਗਏ। ਉਹ (ਬਾਦਸ਼ਾਹ ਜਹਾਂਗੀਰ) ਆਪਣੀ ਤੌਜ਼ਕ ਵਿਚ ਉਨ੍ਹਾਂ ਦੀਆ ਭਿਆਨਕ ਪੀੜਾਂ, ਜੋ ਜਾਨ ਨਿਕਲਣ ਸਮੇਂ ਉਹ ਸਹਾਰਦੇ ਤੇ ਚੀਕਾਂ ਮਾਰਦੇ ਸਨ, ਨੂੰ ਬੜੀ ਖੁਸ਼ੀ ਨਾਲ ਸੁਆਦ ਲੈ ਲੈ ਕੇ ਲਿਖਦਾ ਹੈ। ਆਪਣੇ ਪਸ਼ੂਪੁਣੇ ਨੂੰ ਸਿਖਰ ਤਕ ਲੈ ਜਾਣ ਲਈ ਬਾਦਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਵਿਚ ਦੀ ਲੰਘਾਇਆ ਤੇ ਨਕੀਬ ਨਾਲ ਨਾਲ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ ਕਿ 'ਲੈ ਬੱਚੂ, ਸੰਭਾਲ ਆਪਣੇ ਨੌਕਰਾਂ ਦੀਆਂ ਸਲਾਮਾਂ। ਲੈ ਚੱਖ ਮਜ਼ਾ ਬਗਾਵਤ ਦਾ', ਆਦਿ।"

ਚਾਰ ਚੁਫੇਰੇ ਅਮਨ ਅਮਾਨ ਹੋ ਗਿਆ ਹੈ। ਕਿਸੇ ਪਾਸੇ ਕੋਈ ਬਿਰਕਦਾ ਨਹੀਂ। ਬਾਦਸ਼ਾਹ ਖੁਸ਼ ਹੈ ਤੇ ਸ਼ਿਕਾਰ ਦਾ ਲਹਿਰਾ ਲੈਣ ਲਈ ਲਾਹੌਰੋਂ ਬਾਹਰ ਦੁਰਾਡੀਆਂ ਜੂਹਾਂ ਵਲ ਜਾਣ ਦੀ ਤਿਆਰੀ ਵਿਚ ਹੈ। ਐਨ ਉਸ ਵੇਲੇ ਗੁਰੂ ਸਾਹਿਬ ਦੇ ਦੋਖੀ ਬ੍ਰਾਹਮਣਾਂ, ਮੁਲਾਣਿਆਂ, ਉਨ੍ਹਾਂ ਦੇ ਆਪਣੇ ਭਾਈ ਬਾਬਾ ਪ੍ਰਿਥਮੀ ਚੰਦ ਤੇ ਚੰਦੂ ਨੇ ਬਾਦਸ਼ਾਹ ਪਾਸ ਚੁਗਲੀ ਖਾਧੀ। ਪਰ ਕੁਦਰਤੀ ਸੁਆਲ ਉਠਦੈ, ਇਹ ਚੁਗਲੀ ਕਿ ਗੁਰੂ ਸਾਹਿਬ ਨੇ ਖੁਸਰੋ ਨੂੰ ਤਿਲਕ ਦਿਤਾ ਹੈ, ਰੁਪਏ ਨਾਲ ਸਹਾਇਤਾ ਕੀਤੀ ਹੈ ਤੇ ਉਸ ਦੇ ਹੱਕ ਵਿਚ ਦੁਆ ਕੀਤੀ ਹੈ, ਉਸ ਵੇਲੇ ਕਿਉਂ ਨਾ ਕੀਤੀ ਜਦ ਬਾਦਸ਼ਾਹ ਗੋਇੰਦਵਾਲ ਦਾ ਪੁਲ ਲੰਘ ਕੇ ਮਾਝੇ ਵਿਚ-ਦੀ ਲਾਹੌਰ ਨੂੰ ਆ ਰਿਹਾ ਸੀ। ਗੋਇੰਦਵਾਲ ਪਹੁੰਚ ਕੇ ਹੀ ਕਿਉਂ ਨਾ ਕੀਤੀ ? ਇਸ ਦਾ ਜਵਾਬ ਵੀ ਸਪੱਸ਼ਟ ਹੈ ਕਿ ਬਾਦਸ਼ਾਹ ਉਸ ਵੇਲੇ ਮੌਕੇ ਤੇ ਸੀ ਤੇ ਜੇ ਉਹ ਮਾਮੂਲੀ ਜਿਹੀ ਵੀ ਜਾਂਚ ਪੜਤਾਲ ਕਰ ਲੈਂਦਾ ਤਾਂ ਭੇਦ ਖੁਲ੍ਹ ਜਾਣ ਦਾ ਡਰ ਸੀ। ਇਨ੍ਹਾਂ ਸਾਜ਼ਸ਼ੀਆਂ ਨੇ ਝੂਠੀ ਸ਼ਿਕਾਇਤ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸਮਝਿਆ। ਉਹ ਮੌਕੇ ਦੀ ਤਾੜ ਵਿਚ ਰਹੇ। ਹੁਣ ਜਦ ਜਹਾਂਗੀਰ ਲਾਹੌਰੋਂ ਅੱਗੇ ਤੁਰ ਜਾਣ ਦੀ ਤਿਆਰੀ ਵਿਚ ਸੀ, ਝੂਠੀ ਸ਼ਿਕਾਇਤ ਕਰ ਕੇ ਉਸ ਪਾਸੋਂ ਗੁਰੂ ਸਾਹਿਬ ਵਿਰੁਧ ਹੁਕਮ ਲੈ ਲਏ ਗਏ। ਉਨ੍ਹਾਂ ਦੀ ਵਿਉਂਤ ਬਿਲਕੁਲ ਸਫਲ ਰਹੀ। ਖੁਸਰੋ ਨਾਲ ਮੁਲਾਕਾਤ ਦਾ ਤਾਂ ਇਕ ਢੁੱਚਰ ਹੀ ਸੀ। ਵੈਰੀ ਤਾਂ ਪਹਿਲਾਂ ਤੋਂ ਹੀ ਛੁਰੀਆਂ ਲੈ ਰਹੇ ਸਨ।

ਚੁਗਲੀ ਖਾਣ ਵਾਲੇ–

ਬ੍ਰਾਹਮਣ ਤਾਂ ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਦੇ ਪੁੱਜ ਕੇ ਦੋਖੀ ਬਣੇ ਹੋਏ ਸਨ। ਚੰਦੂ ਆਪਣੀ ਲੜਕੀ ਦਾ ਸਾਕ ਅਪਰਵਾਨ ਕੀਤੇ ਜਾਣ ਤੋਂ ਸੱਟ ਖਾਧੇ ਸੱਪ ਵਾਂਗ ਡੰਗ ਮਾਰਨ ਲਈ ਸਮੇਂ ਦੀ ਤਾੜ ਵਿਚ ਵਿਹੁ ਘੋਲ ਰਿਹਾ ਸੀ। ਬਾਬਾ ਪ੍ਰਿਥੀ ਚੰਦ ਗੁਰ-ਗੱਦੀ ਉਤੇ ਨਿਗਾਹ ਲਾਈ ਬੈਠਾ ਸੀ, ਹੁਣ ਤਾਂ ਉਸ ਨੂੰ ਹੱਥ ਅੱਪੜਦਾ ਦਿਸ ਰਿਹਾ ਸੀ। ਲਾਹੌਰ ਦੇ ਕਾਜ਼ੀ ਮੁਲਾਣਿਆਂ ਚੋਂ ਸਭ ਤੋਂ ਜ਼ਿਆਦਾ ਔਖੇ ਸਨ ਮੁੱਲਾ ਮੁਹੰਮਦ ਤਾਹਰ ਲਾਹੌਰੀ, ਮੌਲਾਣਾ ਅਬਦੁਲ ਵਾਹਿਦ ਲਾਹੌਰੀ, ਮੁੱਲਾ ਸ਼ੇਰ ਮੁਹੰਮਦ ਲਾਹੌਰੀ, ਮੌਲਾਣਾ ਅਮਾਨੁੱਲਾ ਲਾਹੌਰੀ, ਮੁਹੰਮਦ ਮੁਕੀਮ ਦਸੂਰੀ। ਇਹ ਪੰਜੇ ਸ਼ੇਖ ਅਹਿਮਦ ਸਿਰਹੰਦੀ ਦੇ ਕੱਟੜ ਚੇਲੇ ਸਨ। ਇਨ੍ਹਾਂ ਤੋਂ ਬਿਨਾ ਹੋਰ ਵੀ

www.AKJ.Org

ਮੁ ਲਾਣ ਵਾਧਾ ਨਾਲ ਸੀ ।

ਚੰਦੂ ਇਕੱਲੇ ਨੇ ਇਹ ਸਭ ਕੁਝ ਕਰ ਲਿਆ ਹੋਵੇ, ਸਹੀ ਨਹੀਂ ਹੋ ਸਕਦਾ । ਇਸ ਸਾਜ਼ਸ਼ ਵਿਚ ਚੰਦੂ ਦਾ ਹੱਥ ਤਾਂ ਜ਼ਰੂਰ ਹੈ,ਪਰ ਸਾਜ਼ਸ਼ ਦੀ ਘਾੜਤ ਤੋਂ ਲੈ ਕੇ ਗੁਰੂ ਸਾਹਿਬ ਦੀ ਸ਼ਹੀਦੀ ਤਕ ਸਾਰਾ ਪਲੈਨ ਉਸ ਇਕੱਲੇ ਦਾ ਹੀ ਨਹੀਂ, ਇਸ ਵਿਚ ਕਈ ਦਿਮਾਗਾਂ ਦੀ ਸੋਚ ਹੈ । ਫਿਰ ਨਾ ਹੀ ਉਹ ਜਹਾਂਗੀਰ ਨਾਲ ਬਹੁਤੀ ਨੇੜਤਾ ਰਖਣ ਵਾਲਾ ਬਾ-ਰਸੂਖ ਵੱਡਾ ਅਫ਼ਸਰ ਹੀ ਮਾਲੂਮ ਹੁੰਦੈ ਕਿ ਉਸ ਨੇ ਇਹ ਸਭ ਕੁਝ ਬਾਦਸ਼ਾਹ ਪਾਸੋਂ ਇਕੱਲੇ ਨੇ ਹੀ ਕਰਵਾ ਲਿਆ ਹੋਵੇ । "ਤੋਜ਼ਕੇ ਜਹਾਂਗੀਰੀ", "ਜਹਾਂਗੀਰ ਨਾਮਾ", "ਦਬਿਸਤਾਨਿ-ਮਜ਼ਾਹਿਬ" ਜਾਂ ਹੋਰ ਸਮਕਾਲੀ ਫ਼ਾਰਸੀ ਦੇ ਇਤਿਹਾਸਾਂ ਵਿਚ ਉਸ ਦਾ ਨਾਮ ਹੀ ਕਿਧਰੇ ਨਜ਼ਰ ਨਹੀਂ ਆਉਂਦਾ ।

ਥੋੜਾ ਜਿਹਾ ਹੋਰ ਅਗੇ ਸੋਚਣ ਵਾਲਾ ਮੁਆਮਲਾ ਹੈ । ਦਿਲੀਓਂ ਸਾਕ ਸਾਹਿਬਜ਼ਾਦੇ ਨੂੰ ਆਉਂਦਾ ਹੈ ਤੇ ਜਦ ਘਰ ਵੇਖ ਕੇ ਪੱਕ-ਪਕਾਈ ਹੋ ਜਾਣ ਦੀ ਗੱਲ ਉਸ ਨੂੰ ਪੁਜਦੀ ਹੈ ਤਾਂ ਉਸ ਨੇ ਜੋ ਕੁਬੋਲ ਗੁਰੂ ਘਰ ਦੇ ਖਿਲਾਫ਼ ਬੋਲੇ, ਉਹ ਦਿੱਲੀ ਦੀ ਸੰਗਤ ਦਸਦੀ ਹੈ ਤੇ ਨਾਤਾ ਟੁੱਟ ਜਾਂਦਾ ਹੈ । ਫਿਰ ਜਦ ਚੁਗਲੀ ਹੋਈ ਤੇ ਗੁਰੂ ਜੀ ਕੈਦ ਕਰ ਕੇ ਲਾਹੌਰ ਲਿਆਂਦੇ ਗਏ ਤਾਂ ਉਹ ਲਾਹੌਰ ਆ ਜਾਂਦਾ ਹੈ । ਜਦ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੋ ਕੇ ਦਿੱਲੀ ਆਉਂਦੇ ਹਨ ਤਾਂ ਚੰਦੂ ਦਿੱਲੀ ਵਿਚ ਹਾਜ਼ਰ ਹੈ । ਗਲ ਕੀ ਜਿਥੇ ਗੁਰੂ ਘਰ ਸੰਬੰਧੀ ਕੋਈ ਵੀ ਗੱਲਬਾਤ ਹੁੰਦੀ ਹੈ, ਉਥੇ ਹੀ ਚੰਦੂ ਖੜਾ ਦਿਸਦਾ ਹੈ । ਜਹਾਂਗੀਰ ਨੇ ਦਿਲੀਓਂ ਹੀ ਚੰਦੂ ਨੂੰ ਗੁਰੂ ਸਾਹਿਬ ਦੇ ਹਵਾਲੇ ਕੀਤਾ ਸੀ ।

ਮੈਕਾਲਿਫ਼ ਸਾਹਿਬ ਚੰਦੂ ਨੂੰ ਪੰਜਾਬ ਦਾ ਰਹਿਣ ਵਾਲਾ ਦਸਦੇ ਹਨ । ਉਸ ਨੂੰ ਦੀਵਾਨ ਲਿਖਿਆ ਹੈ । ਜੇ ਇਹ ਮੰਨ ਲਿਆ ਜਾਵੇ ਤਾਂ ਗੁਰੂ ਸਾਹਿਬ ਦੇ ਮੁਆਮਲੇ ਵਿਚ ਉਹ ਸਿੱਧਾ ਦਖ਼ਲ ਨਹੀਂ ਦੇ ਸਕਦਾ । ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਤੇ ਸ਼ਹੀਦ ਕਰਨਾ, ਇਹ ਸਾਰਾ ਪੁਲਿਸ ਤੇ ਫ਼ੌਜ ਨਾਲ ਸੰਬੰਧਤ ਹੈ । ਹੋ ਸਕਦੈ ਚੰਦੂ ਕੋਈ ਧਨਾਢ ਸ਼ਾਹੂਕਾਰ ਹੋਵੇ ਤੇ ਦੀਵਾਨ ਹੋਣ ਕਰਕੇ ਰਾਜਧਾਨੀ ਵਿਖੇ ਰਹਿੰਦਾ ਹੋਵੇ । ਇਹ ਵੀ ਸੰਭਵ ਹੈ ਕਿ "ਦੀਵਾਨ" ਦਾ ਖ਼ਿਤਾਬ ਮਿਲਿਆ ਹੋਵੇ । ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਬਾਦਸ਼ਾਹ ਵਲੋਂ ਹੈ । ਗੁਰੂ ਸਾਹਿਬ ਨੂੰ ਜ਼ਿਆਦਾ ਤਸੀਹੇ ਦੇਣ ਲਈ ਉਕਸਾਹਟ ਉਸ ਵਲੋਂ ਦਿਸਦੀ ਹੈ । "ਤਿਜਾਵ ਜ਼ੁਲਮ ਸਜ਼ਾ" (ਹੁਕਮ ਕੀਤੀ ਗਈ ਸਜ਼ਾ ਤੋਂ ਵਧ ਕਿਸੇ ਨੂੰ ਸਜ਼ਾ ਦੇਣੀ ਜਿਵੇਂ ਇਕ ਹੱਥ ਵੱਢ ਦੇਣ ਦੀ ਸਜ਼ਾ ਦਾ ਹੁਕਮ ਹੋਵੇ ਤਾਂ ਉਹ ਸਜ਼ਾ ਦੇਣ ਵਾਲਾ ਦੋਸ਼ੀ ਦੇ ਦੋਵੇਂ ਹੀ ਹੱਥ ਵੱਢ ਦੇਵੇ) ਦੀ ਜੁਰਅਤ ਚੰਦੂ ਨਹੀਂ ਸੀ ਕਰ ਸਕਦਾ । ਕਤਲ ਦੇ ਸ਼ਾਹੀ ਹੁਕਮ ਤੋਂ ਬਿਨਾ ਆਪਣੀ ਮਰਜ਼ੀ ਨਾਲ ਉਹ ਉਨ੍ਹਾਂ ਨੂੰ ਸ਼ਹੀਦ ਕਰ ਦੇਵੇ, ਕਦਾਚਿਤ ਨਹੀਂ ਸੀ ਹੋ ਸਕਦਾ । ਗੁਰੂ ਜੀ ਨੂੰ ਜਾਨੋਂ ਮਾਰਨ ਤੇ ਬਸੀਹੇ ਦੇਣ ਦਾ ਹੁਕਮ ਜਹਾਂਗੀਰ ਦਾ ਆਪਣਾ ਸੀ । ਜਿਵੇਂ ਉਹ ਆਪਣੀ ਲਿਖਤ ਵਿਚ ਮੰਨਦਾ ਹੈ । ਇਸ ਸਾਫ਼ ਤੇ ਸਿਧੇ ਹੁਕਮ ਦੇ ਹੁੰਦਿਆਂ ਚੰਦੂ ਨੂੰ ਮੁਖ ਦੋਸ਼ੀ ਬਣਾਉਣਾ ਅਸਲੀਅਤ ਤੋਂ ਦੂਰ ਜਾਣ ਵਾਲੀ ਗੱਲ ਹੈ । ਮੌਤ ਦੀ ਸਜ਼ਾ ਬੜੀ ਕਰੜੀ ਤੇ ਭਿਆਨਕ ਹੈ । ਪਰ ਮਰਨ ਵਾਲੇ ਨੂੰ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕਾਈ ਰਖਣਾ ਤੇ ਇਸ ਸੰਨ੍ਹ ਵਿਚ ਅਸਹਿ ਤਸੀਹੇ ਦੇਣਾ ਮੌਤ ਦੇ ਕਸ਼ਟ ਨੂੰ ਭਿਆਨਕ ਤੋਂ ਭਿਆਨਕ ਬਨਾਉਣ ਵਾਲੀ ਗੱਲ ਹੈ । ਇਹੋ ਕੁਛ ਚੰਦੂ ਨੇ ਗੁਰੂ ਸਾਹਿਬ ਨਾਲ ਕੀਤਾ । ਉਨ੍ਹਾਂ ਲਈ ਮੌਤ ਨੂੰ ਭਿਆਨਕ ਤੋਂ ਭਿਆਨਕ-ਤਰ ਬਣਾਇਆ ਗਿਆ ।

ਇਨ੍ਹਾਂ ਤਸੀਹਾਂ ਦਾ ਮਨੋਰਥ ਕੀ ਹੋ ਸਕਦੈ–

ਸ੍ਰੀ ਗੁਰੂ ਅਰਜਨ ਦੇਵ ਸਰਵ ਸਾਂਝੇ, ਸ਼ਾਂਤੀ ਦੇ ਪੁੰਜ ਤੇ ਨਿਰਵੈਰ ਮੂਰਤ ਸਨ । ਉਨ੍ਹਾਂ ਦਾ ਜ਼ਾਹਰੋ-ਬਾਤਨ (ਅੰਤਰ ਆਤਮੇ ਤੇ ਬਾਹਰਮੁਖੀ ਵਤੀਰਾ) ਇਕ, ਕਹਿਣੀ ਕਰਨੀ ਇਕ । ਜੋ ਮਨ ਵਿਚ ਸੋ ਜ਼ੁਬਾਨ ਤੇ । ਇਹੋ ਜਿਹੇ ਰੱਬੀ ਰੂਪ ਨੂੰ ਵਕਤ ਦਾ ਬਾਦਸ਼ਾਹ ਕਿਉਂ ਮਾਰਨਾ ਚਾਹੁੰਦਾ ਹੈ ? ਬਾਦਸ਼ਾਹ ਦਾ ਤਾਂ ਸਿੱਧਾ ਕੋਈ ਵੈਰ ਨਹੀਂ ਦਿਸਦੈ । ਮੌਤ ਦਾ ਹੁਕਮ ਫਿਰ ਵੀ ਦੇਂਦਾ ਹੈ! ਗੁਰੂ ਸਾਹਿਬ ਨਾਲ ਇਕ-ਪਾਸੜ ਵੈਰ ਰਖਣ ਵਾਲਾ ਅਸਲ ਵਿਅਕਤੀ ਸਿਰਹੰਦ ਬੈਠਾ ਹੈ ਅਤੇ ਬਾਦਸ਼ਾਹ ਦੇ ਦਿਲ ਦਿਮਾਗ ਨੂੰ ਉਸੇ ਨੇ ਜਕੜਿਆ ਹੋਇਆ ਹੈ । ਇਸਲਾਮ

www.AKJ.Org

ਦਾ ਵੱਡਾ ਸੇਵਕ ਬਣਿਆ ਹੋਇਆ ਹੈ। ਭੋਂਦੂ ਤੇ ਅਫ਼ੀਮੀ ਬਾਦਸ਼ਾਹ ਨੂੰ ਜੱਨਤ ਦਾ ਪਰਵਾਨਾ ਦੇਣ ਲਈ ਇਸਲਾਮ ਦੀ ਵੱਡੀ ਤੋਂ ਵੱਡੀ ਸੇਵਾ ਕਰਨ ਦੀ ਪ੍ਰੇਰਨਾ ਦੇ ਰਿਹਾ ਹੈ—ਉਹ ਸੇਵਾ ਹੈ ਗੁਰੂ ਸਾਹਿਬ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ਜਾਵੇ ਜਾਂ ਫਿਰ ਉਨ੍ਹਾਂ ਦਾ ਖ਼ੂਨ ਕੀਤਾ ਜਾਵੇ, ਗੁਰੂ ਜੀ ਮੁਸਲਮਾਨ ਹੋ ਜਾਣ ਤਾਂ ਫਿਰ ਕਹਿਣਾ ਹੀ ਕੀ, ਮੁਜੱਦਦ ਦੀ ਮੁਜੱਦਦੀ ਦਮਕ ਉਠੇਗੀ, ਫ਼ੂਰਜ ਛੁਪਣ ਤੇ ਉੱਲੂਆਂ ਦਾ ਰਾਜ ਹੋ ਜਾਵੇਗਾ। ਬਾਦਸ਼ਾਹ ਨੂੰ ਵੀ ਨੇਕ-ਨਾਮੀ ਮਿਲੇਗੀ। ਪੰਚਮ ਗੁਰੂ ਨੂੰ ਜੇ ਕਤਲ ਕਰ ਦਿਤਾ ਜਾਵੇ ਤਾਂ ਵੀ ਮੁਜੱਦਦ ਸਾਹਿਬ ਨੂੰ ਬੜਾ ਲਾਭ ਹੈ। ਉਨ੍ਹਾਂ ਦੇ ਹੁੰਦਿਆਂ ਉਸ ਦੀ ਪੇਸ਼ ਨਹੀਂ ਸੀ ਜਾਂਦੀ, ਰਾਹੋਂ ਹਟਾ ਦਿਤਾ ਗਿਆ, ਰਸਤਾ ਸਾਫ਼। ਸ਼ੇਖ ਸਿਰਹੰਦੀ ਨੂੰ ਹਰ ਦੋ ਹਾਲਤਾਂ ਵਿਚ ਨਫ਼ਾ ਹੀ ਨਫ਼ਾ।

ਜਹਾਂਗੀਰ ਗੁਰੂ ਸਾਹਿਬ ਨੂੰ ਮਾਰਨਾ ਨਹੀਂ ਚਾਹੁੰਦਾ, ਮੁਸਲਮਾਨ ਬਣਾਉਣਾ ਚਾਹੁੰਦਾ ਹੈ। ਮਾਰਨ ਦਾ ਮਕਸਦ ਹੁੰਦਾ ਤਾਂ ਪਹਿਲਾਂ ਹੀ ਸਿੱਧਾ ਮੌਤ ਦਾ ਹੁਕਮ ਦੇ ਦੇਂਦਾ। ਖ਼ੁਸਰੋ ਦੇ ੭੦੦ ਸਾਥੀ, ਲਗ ਪਗ ਸਾਰੇ ਮੁਸਲਮਾਨ ਸਨ, ਉਹ ਵੀ ਤਾਂ ਮਾਰੇ ਹੀ ਸਨ। ਮੁਜੱਦਦ ਨੇ ਉਨ੍ਹਾਂ ਦੀ ਰਿਹਾਈ ਲਈ ਸਿਰਹੰਦ ਥਾਣੀ ਲੰਘਦੇ ਹੋਏ ਬਾਦਸ਼ਾਹ ਨੂੰ ਮਿਲ ਕੇ ਇਕ ਵਾਰ ਵੀ ਨਹੀਂ ਕਿਹਾ ਕਿ ਬਾਗੀ ਮੁਸਲਮਾਨਾਂ ਨੂੰ ਨਹੀਂ ਮਾਰਨਾ, ਕਿਉਂਕਿ ਇਸ ਤਰ੍ਹਾਂ ਮੁਸਲਮਾਨਾਂ ਦੀ ਗਿਣਤੀ ਘਟੇਗੀ ਤੇ ਇਸਲਾਮ ਦੀ ਹਾਨੀ ਹੋਵੇਗੀ, ਉਹ ਤਾਂ ਫੜਦਿਆਂ ਸਾਰ ਹੀ ਮੌਤ ਦੇ ਘਾਟ ਉਤਾਰ ਦਿਤੇ। ਗੁਰੂ ਸਾਹਿਬ ਤਾਂ ਇਕ ਮਹਾਨ ਵਿਅਕਤੀ ਹਨ। ਜੇ ਉਨ੍ਹਾਂ ਨੂੰ ਮੁਸਲਮਾਨ ਬਣਾ ਲਿਆ ਜਾਵੇ ਤਾਂ ਇਸਲਾਮ ਨੂੰ ਅਥਾਹ ਲਾਭ!

ਚੰਦੂ ਤਸੀਹਾਂ ਰਾਹੀਂ ਆਪਣਾ ਬਦਲਾ ਵੀ ਲੈ ਰਿਹਾ ਹੈ ਤੇ ਆਪਣੇ ਜ਼ਬਰ ਰਾਹੀਂ ਜੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਾਉਣ ਵਿਚ ਸਫਲ ਹੋ ਜਾਵੇ ਤਾਂ ਬਾਦਸ਼ਾਹ ਦੀ ਖ਼ੁਸ਼ਨੂਦੀ ਪ੍ਰਾਪਤ ਹੋਵੇਗੀ, ਵਕਾਰ ਵਿਚ ਵਾਧਾ ਹੋਵੇਗਾ, ਗੁਰੂ ਸਾਹਿਬ ਦੀ ਗੁਰਿਆਈ ਖ਼ਤਮ ਹੋ ਜਾਵੇਗੀ। ਫਿਰ ਮੈਂ ਕਹਿਣ ਜੋਗਾ ਹੋਵਾਂਗਾ ਕਿ ਸਭ ਕੁਝ, ਮੇਰੀ ਲੜਕੀ ਦਾ ਸਾਕ ਨਾ ਲੈਣ ਦਾ ਨਤੀਜਾ ਹੈ। ਸਾਕ ਵੀ ਛਡਿਆ, ਨਾਲ ਧਰਮ ਵੀ ਗਵਾਇਆ, ਬੋਲੋ ਕੀ ਖਟਿਆ। ਮੂਰਖਾਂ ਨੂੰ ਇਹ ਨਹੀਂ ਸੀ ਪਤਾ ਕਿ ਬਾਦਸ਼ਾਹ, ਸ਼ੇਖ਼ ਅਹਿਮਦ ਤੇ ਚੰਦੂ ਆਪ ਸਭ ਕੁਝ ਗੁਆ ਹੀ ਰਹੇ ਹਨ, ਜੇ ਪਾ ਰਹੇ ਹਨ ਤਾਂ ਕੇਵਲ ਗੁਰੂ ਸਾਹਿਬ। ਇਸ ਮਲੀਨ-ਬੁਧ ਜੁੰਡਲੀ ਨੂੰ ਭੁਲੇਖਾ ਸੀ ਕਿ ਬਾਦਸ਼ਾਹ ਦੀ ਯਾਸ਼ਾ ਦੀ ਸਜ਼ਾ ਕਾਰ ਨਾਲ ਗੁਰੂ ਸਾਹਿਬ ਦਾ ਹੱਠ ਤੇ ਸਿਦਕ ਟੁੱਟ ਜਾਵੇਗਾ। ਉਨ੍ਹਾਂ ਨੂੰ ਕੀ ਸਾਰ ਸੀ ਉਸ ਦੈਵੀ ਸ਼ਕਤੀ ਦੀ, ਜਿਸ ਨਾਲ ਉਹ ਟਕਰਾ ਰਹੇ ਸਨ? ਮੁਜੱਜਦ ਜਿਸ ਅੱਲਾ ਮੀਆਂ ਨੂੰ ਆਪਣਾ ਬੈਅ-ਖ਼ਰੀਦ ਬਣਾਈ ਬੈਠਾ ਸੀ, ਉਹ ਤਾਂ ਗੁਰੂ ਸਾਹਿਬ ਦੇ ਅੰਗ ਸੰਗ ਸੀ। ਹਾਂ ਜਦ ਇਸ ਸ਼ੇਖ ਦੀਆਂ ਆਪ-ਹੁਦਰੀਆਂ ਤੋਂ ਤੰਗ ਆ ਕੇ ਜਹਾਂਗੀਰ ਨੇ ਉਸ ਨੂੰ ਕੈਦ ਕਰਕੇ ਗਵਾਲੀਅਰ ਭੇਜ ਦਿਤਾ ਸੀ, ਤਾਂ ਜੇ ਕੇਵਲ ਇਕ ਕੜਛਾ ਸੜਦੀ ਰੇਤ ਦਾ ਉਸ ਦੇ ਸਿਰ ਵਿਚ ਸਜ਼ਾ ਦੇ ਤੌਰ ਤੇ ਪੁਆ ਦੇਂਦਾ ਤਾਂ ਸ਼ੇਖ ਜੀ ਨੂੰ ਛਟੀ ਦਾ ਦੁੱਧ ਚੇਤੇ ਆ ਜਾਂਦਾ। ਦੁਨੀਆ ਵੇਖ ਲੈਂਦੀ, ਇਹ ਮੁਜੱਦਦ ਤੇ ਰੱਬੀ ਇਮਾਮ ਕਿੰਨੇ ਕੁ ਪਾਣੀ ਵਿਚ ਸੀ?

ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਮੇਂ, ਮੁਸਲਮਾਨਾਂ ਦਾ ਸ਼ੇਖ ਹੋਣ ਨਾਤੇ, ਸਭ ਸਹੂਲਤਾਂ ਪ੍ਰਾਪਤ ਸਨ, ਪਰ ਚੰਦ ਦਿਨਾਂ ਪਿਛੋਂ ਹੀ ਬਿਲਬਿਲਾ ਉੱਠਿਆ ਸੀ। ਬੇਗਾਨੇ ਘਰ ਤਾਂ ਅੱਗ ਬਸੰਤਰ ਦੇਵਤਾ ਹੁੰਦੀ ਹੈ, ਪਰ ਪਤਾ ਉਦੋਂ ਲਗਦੈ ਜਦ ਆਪਣੇ ਕੁੱਲੇ ਨੂੰ ਆਣ ਲਗੇ।

ਬਾਬਾ ਪ੍ਰਿਥੀ ਚੰਦ (ਪ੍ਰਿਥੀਆ) ਗੁਰ-ਗੱਦੀ ਹਥਿਆਉਣ ਲਈ ਗੁਰੂ ਅਰਜਨ ਦੇਵ ਤੇ ਉਨ੍ਹਾਂ ਦੇ ਸਪੁਤਰ [ਗੁਰੂ) ਹਰਿਗੋਬਿੰਦ ਨੂੰ ਖਤਮ ਕਰਵਾ ਦੇਣ ਦੀ ਧਾਰੀ ਬੈਠਾ ਸੀ। ਪੰਚਮ ਪਾਤਸ਼ਾਹ ਮੁਸਲਮਾਨ ਹੋ ਜਾਣ ਜਾਂ ਪਿਉ ਪੁਤ ਦੋਵੇਂ ਮਾਰੇ ਜਾਣ, ਉਸਦੀ ਜਾਣੇ ਬਲਾ। ਗੱਦੀ ਹਰ ਹਾਲਤ ਵਿਚ ਉਸ ਦੇ ਘਰ ਆ ਜਾਵੇਗੀ ਤੇ ਉਸ ਤੇ ਬਿਰਾਜੇਗਾ ਉਸ ਦਾ ਪੁਤ ਮਿਹਰਬਾਨ, ਜਿਸ ਦਾ ਦਿਮਾਗ ਇਕ ਖਾਸ ਹੱਦ ਤਕ ਠਹਿਚਲ ਚੁਕਿਆ ਸੀ। ਗੁਰਬਾਣੀ ਵਿਚ ਰਲਾ ਪਾ ਕੇ ਉਸ ਨੂੰ ਗੱਡ-ਵਡ ਕਰਨ ਦਾ ਕਲੰਕ ਇਸ ਨੇ ਹੀ ਖੱਟਿਆ ਸੀ।

ਇਨ੍ਹਾਂ ਸਾਰਿਆਂ ਸਾਜ਼ਸ਼ੀਆਂ ਦਾ ਇਕ ਹੀ ਨਿਸ਼ਾਨਾ ਸੀ—ਗੁਰੂ ਅਰਜਨ ਦੇਵ ਨੂੰ ਖਤਮ ਕਰਨਾ। ਭਾਵੇਂ ਨਿਸ਼ਾਨ

www.AKJ.Org

ਸਿੱਖੀ, ਪਾਵਨ ਪਰਮੇਸ਼ਰ ਦਾ ਪਵਿੱਤਰ ਪ੍ਰਚੰਡ ਪ੍ਰਕਾਸ਼ ਹੈ

[ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

ਇਸ ਲੇਖ ਦਾ ਹੇਡਿੰਗ ਸਾਫ਼ ਸਪੱਸ਼ਟ ਦਸਦਾ ਹੈ ਕਿ ਸਿੱਖੀ ਜਾਂ ਸਿੱਖ ਧਰਮ ਇਸ ਧਰਤੀ ਤੇ ਪਰੀਪੂਰਨ ਅਕਾਲ ਪੁਰਖ ਦੀ ਜੀਉਂਦੀ ਜਾਗਦੀ ਜੋਤਿ, ਉਤਮ ਅਨੂਪ ਆਤਮਾ ਅਤੇ ਸੁਹਣਾ ਸੁੰਦਰ ਸਰੂਪ ਹੈ। ਸਿੱਖ ਦੇ ਬੁਨਿਆਦੀ ਤੇ ਮੌਲਿਕ ਅਮੋਲਕ ਸਿਧਾਂਤ ਤੇ ਮਰਯਾਦਾ ਸੰਸਾਰ ਦੇ ਕਿਸੇ ਧਰਮ ਤੋਂ ਥੋੜੇ ਖਿੰਜੇ ਨਹੀਂ ਹਨ, ਸਗੋਂ ਸਿੱਖ ਸਤਿਗੁਰਾਂ ਦੀ ੧ ਓ ਨਾਲ ਸਿੱਧੀ ਸੰਗਤ, ਸੁਹਬਤ, ਮਿੱਤਰਤਾ, ਮਿਲਾਪ, ਪਹੁੰਚ ਤੇ ਵਾਰਤਾਲਾਪ ਦਾ ਫਲਸਰੂਪ ਹਨ। ਉਹ ਦੇਹੀ ਰੂਪ ਵਿਚ ਪਰਮਾਤਮਾ ਦਾ ਆਦੇਸ਼, ਆਦਰਸ਼; ਉਦੇਸ਼, ਉਪਦੇਸ਼ ਤੇ ਸੰਦੇਸ਼ ਲੈ ਕੇ ਆਏ। ਧਰਤੀ ਉਤੇ ਮਨੁੱਖੀ ਜਾਮਾ ਧਾਰ ਕੇ ਸਿੱਖਿਆ, ਸਤਿਆ, ਮਨੁੱਖੀ ਭਾਸ਼ਾ ਵਿਚ ਹੀ ਦਿੱਤੀ।

ਉਪਰ ਲਿਖੇ ਕਥਨ ਦੀ ਪੁਸ਼ਟੀ ਲਈ ਸਾਨੂੰ ਸਤਿਗੁਰਾਂ ਦੇ ਆਪਣੇ ਹੀ ਬਚਨਾਂ ਦੀ ਗਵਾਹੀ ਅਗਵਾਈ ਲੈਣੀ ਚਾਹੀਦੀ ਹੈ। ਚੌਥੇ ਜਾਮੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਹਨ–

ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥ (ਗਉੜੀ ਵਾਰ, ਮਹਲਾ ੪, ਪੰ: ੩੦੮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ–

"ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ, ਮੈ ਨ ਕਹਯੋ ਸਭ ਤੋਹਿ ਬਖਾਨਯੋ ।।"

ਬਾਬਰ-ਵਾਣੀ ਵਿਚ ਗੁਰੂ ਨਾਨਕ ਦੇਵ ਜੀ ਆਪਣੇ ਸ਼ਰਧਾਲੂ ਸੇਵਕ ਭਾਈ ਲਾਲੋ ਜੀ ਨੂੰ ਸੰਬੋਧਨ ਕਰਦੇ ਫ਼ੁਰਮਾਂਦੇ ਹਨ–

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।।" (ਰਾਗ ਤਿਲੰਗ, ੭੨੨)

ਸ੍ਰੀ ਗੁਰੂ ਰਾਮਦਾਸ ਜੀ ਗਉੜੀ ਵਾਰ ਪੰਨਾ ੩੦੮ ਤੇ ਫ਼ੁਰਮਾਉਂਦੇ ਹਨ–

"ਭਾਈ ਵੇਖਉ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥

---

* ਹਰ ਇਕ ਦੇ ਢਿਡ ਵਿਚ ਫੋੜਾ ਵਖਰਾ ਵਖਰਾ ਸੀ, ਪਰ ਮੰਤਵ ਇਕ ਹੀ ਸੀ। ਲਾਹੌਰ ਦੇ ਮੁਲਾਣੇ ਕਾਜ਼ੀ, ਖਾਸ ਕਰ ਨਕਸ਼ਬੰਦੀ ਮੁਲਾਣੇ, ਚੋਟੀ ਦੇ ਬਾਹਮਣ, ਚੰਦੂ ਵਰਗੇ ਖਤਰੀ, ਗੁਰੂ ਸਾਹਿਬ ਦਾ ਸਕਾ ਭਰਾ ਤੇ ਭਤੀਜਾ ਇਹ ਸਾਰਾ ਚੰਡਾਲਾਂ ਦਾ ਟੋਲਾ ਰਲ ਕੇ ਜਦ ਬਾਦਸ਼ਾਹ ਪਾਸ ਜ਼ਿਕਰ ਵਿਚ ਕਰਨ ਲਈ ਪੁੱਜਾ ਤਾਂ ਬਾਦਸ਼ਾਹ ਨੂੰ ਆਪਣੇ ਬਹਾਨੇ ਨੂੰ ਪਹਾੜ ਜਿਡਾ ਠੁਮਣਾ ਮਿਲ ਗਿਆ। ਲਾਹੌਰੋਂ ਤੁਰਨ ਲਗਾ ਕਤਲ ਦਾ ਹੁਕਮ ਦੇ ਗਿਆ। ਕੋਈ ਤਹਿਕੀਕਾਤ ਜਾਂ ਤਫ਼ਤੀਸ਼ ਨਹੀਂ, ਬੱਸ ਫੜ ਕੇ ਲਿਆਓ, ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਕਰੋ, ਨਾ ਮੰਨਣ ਤਾਂ ਤਸੀਹੇ ਦਿਓ, ਫਿਰ ਵੀ ਨਾ ਕਬੂਲਣ ਤਾਂ ਕਤਲ ਕਰ ਦਿਓ। ਕੀ ਇਹ ਬਾਦਸ਼ਾਹੀ ਫ਼ੁਰਮਾਨ ਹੈ ? ਇਹ ਤਾਂ ਸਿਧਾ ਕਤਲ ਦਾ ਇਸ਼ਾਰਾ ਹੈ।

ਸ਼ਹਾਦਤ ਦਾ ਦਿਨ–

ਜਿਸ ਦਿਨ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ, ਬਾਦਸ਼ਾਹ ਲਾਹੌਰ ਨਹੀਂ ਸੀ। ਸ਼ਹਾਦਤ ਦਾ ਦਿਨ ੨ ਸਫ਼ਰ ੧੦੧੫ ਹਿਜਰੀ ਦਿਨ ਸ਼ੁਕਰਵਾਰ, ਜੇਠ ਸੁਦੀ ਚਾਰ ੧੬੬੩ ਬਿਕ੍ਰਮੀ, ੩੦ ਮਈ ੧੬੦੬ ਈਸਵੀ ਬਣਦਾ ਹੈ। ਜਹਾਂਗੀਰ ਦੀ ਆਪਣੀ ਲਿਖਤ ਅਨੁਸਾਰ ਉਹ ਲਾਹੌਰੋਂ ਬਹੁਤ ਅਗ ਜ਼ਾਹਰ ਯਸਾਵਲ ਦੇ ਮੁਕਾਮ ਤੇ ਸੀ, ਜਿਵੇਂ ਕਿ ਉਹ ਲਿਖਦਾ ਹੈ–... . ਦੋ ਸਫ਼ਰ ਜ਼ਾਹਰ ਯਸਾਵਲ ਕਿਨਰ ਕਿਨਾਰੇ ਦਰਿਆ ਵਾਕਿਆ ਬੂਦ ਮੰਨਜ਼ਲ ਸ਼ੁਦ–ਜਫਾ ੬੬ (ਤੋਜ਼ਕ)। ਅਰਥਾਤ, ਦੋ ਸਫ਼ਰ ਨੂੰ ਜ਼ਾਹਰ ਯਸਾਵਲ, ਜੋ ਦਰਿਆ ਦੇ ਕੰਢੇ ਤੇ ਸੀ ਪੜਾਅ ਕੀਤਾ ਗਿਆ। (ਇਹ ਥਾਂ ਖ਼ੈਬਰ ਵਿਚਦੀ ਹੋ ਕੇ ਅਲੀ ਮਸਜਿਦ ਦੇ ਲਾਗੇ ਹੈ)। [ਚਲਦਾ]

www.AKJ.Org

ਜਨ ਨਾਨਕ ਕਉ ਸਭ ਸੋਝੀ ਪਾਇ ਹਰਿ ਦਰ ਕੀਆ ਬਾਤਾ ਆਖਿ ਸੁਣਾਇ ॥੧॥੧੫॥

ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ ਨਾਲ ਸਿੱਧੀ ਪਹੁੰਚ ਤੇ ਗੱਲਬਾਤ ਦਾ ਵਧੀਆ ਸਪੱਸ਼ਟ ਸਬੂਤ ਦਿੰਦੇ ਹਨ—

"ਬੇਸੁਮਾਰ ਅਥਾਹ ਅਗਨਤ ਅਤੋਲੈ ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥" (੨੧/੮, ਸੁਖਮਨੀ, ਪੰਨਾ ੨੬੨)

"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥" (ਸੋਰਠਿ, ਪੰਨਾ ੬੨੮)

"ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥
ਨਾਨਕੁ ਬੋਲੈ ਬੋਲਾਇਆ ਤੇਰਾ ॥" ੪॥੨੩॥੨੬॥ (ਸੂਹੀ, ਪੰਨਾ ੭੪੩)

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥" ੩॥
(ਸੂਹੀ, ਪੰਨਾ ੭੬੩)

ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਫੁਰਮਾਉ'ਦੇ ਹਨ—

"ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥"

ਪਹਿਲੇ ਪੈਰੇ ਵਿਚ ਦਸੇ ਅਨੁਸਾਰ ਸਿੱਖੀ ਪਾਵਨ ਪਰਮੇਸ਼ਰ, ਪੂਰਨ ਪਰਮਾਤਮਾ ਪਰਮ ਪੁਰਖ ਦੇ ਪਰਧਾਨ ਪਦ, ਪਰਚੰਡ ਪ੍ਰਕਾਸ਼ ਤੇ ਪੁਨੀਤ ਪ੍ਰੇਮ-ਪ੍ਰੀਤ ਨੂੰ ਪ੍ਰਗਟਾਉ'ਦੀ ਹੈ। ਸਿੱਖ ਇਸ ਧਰਤੀ ਤੇ ਪਰੀਪੂਰਨ ਅਕਾਲ ਪੁਰਖ, ਦੀ ਜੀਉ'ਦੀ ਜਾਗਦੀ ਜੋਤਿ, ਉਤਮ ਮਨੁੱਖੀ ਆਤਮਾ ਅਤੇ ਸੋਹਣਾ ਸੁੰਦਰ ਸਰੂਪ ਹੈ। ਸਿੱਖੀ ਦੇ ਬੁਨਿਆਦੀ, ਮੌਲਿਕ, ਅਮੋਲਕ ਸਿਧਾਂਤ ਤੇ ਮਰਯਾਦਾ, ਸੰਸਾਰ ਦੇ ਕਿਸੇ ਧਰਮ ਤੋਂ ਖੋਹੇ ਖਿੰਜੇ ਅਸੂਲ ਜਾਂ ਨਿਯਮਾਵਲੀ ਨਹੀਂ ਹੈ। ਸਗੋਂ ਸਿੱਖ ਸਤਿਗੁਰਾਂ ਦੀ ੧ਓ ਨਾਲ ਸਿੱਧੀ ਮੁਲਾਕਾਤ, ਸੰਗਤ, ਸੁਹਬਤ, ਮਿੱਤਰਤਾ, ਪਹੁੰਚ ਤੇ ਵਾਰਤਾਲਾਪ ਦਾ ਫਲਸਰੂਪ ਹੈ। ਉਹ ਦੇਹੀ ਰੂਪ ਵਿਚ ਸਰਬ ਸ਼ਕਤੀਮਾਨ ਦਾ ਉਪਦੇਸ਼, ਉਦੇਸ਼, ਆਦਰਸ਼, ਆਦੇਸ਼ ਤੇ ਸੰਦੇਸ਼, ਅਰ ਸੁੱਚੀ ਸਿੱਖਿਆ, ਸਿਫਤ ਸਲਾਹ ਤੇ ਸੇਵਾ ਸਿਮਰਨ ਦਾ ਮੂਲ ਲੈ ਕੇ ਆਏ। ਧਰਤੀ ਤੇ ਸੱਚੀ ਸਿਖਿਆ ਤੇ ਸੁੱਚਾ ਗਿਆਨ, ਮਨੁੱਖ ਦਾ ਰੂਪ ਧਾਰ ਕੇ ਹੀ, ਮਨੁੱਖ ਦੀ ਭਾਸ਼ਾ ਵਿਚ ਹੀ ਦਿਤਾ।

ਅਸੀਂ ਉਪਰਲੀ ਗਵਾਹੀ, ਜਿਸ ਦਾ ਸਾਖੀ 'ਸਚੁ' ਹੈ, ਤੋਂ ਇਸ ਨਤੀਜੇ ਤੇ ਪੁੱਜ ਗਏ ਹਾਂ ਕਿ ਵਾਹਿਗੁਰੂ ਸਦੀਵੀ ਤੌਰ ਤੇ ਸਤਿਗੁਰਾਂ ਦੇ ਅੰਦਰ ਨਿਵਾਸ ਕਰਦਾ ਸੀ। ਅਕਾਲ ਪੁਰਖ ਨੇ ਉਹਨਾਂ ਰਾਹੀਂ ਆਪਣੇ ਰੱਬੀ ਬਚਨਾਂ, ਵਿਚਾਰਾਂ, ਫੁਰਨਿਆਂ ਹੁਕਮਾਂ ਤੇ ਸਿਖਿਆਵਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਵਿਚ ਬਿਰਾਜ ਕੇ ਆਪ ਪਰਸਾਰ ਕੀਤਾ। ਇਸ ਤੋਂ ਬਿਨਾ ਅਮਲੀ ਤੌਰ ਤੇ ਸਤਿਗੁਰਾਂ ਦੀਆਂ ਕੀਤੀਆਂ ਕਰਣੀਆਂ, ਕਮਾਈਆਂ, ਕਾਰਨਾਮੇ, ਅਚਰਜ ਕੌਤਕਾਂ, ਚਮਤਕਾਰਾਂ, ਪ੍ਰਾਪਤੀਆਂ, ਪਰਉਪਕਾਰਾਂ ਤੇ ਸੇਵਾਵਾਂ ਵੀ ਰੱਬ ਦੀ ਸੁਕਿਰਤ ਹਨ। ਸਿੱਖੀ ਦਾ ਪੈਰੋਕਾਰ ਹੀ ਰੱਬ ਦੀ ਦਿੱਤੀ ਹੋਈ 'ਸਾਬਤ ਸੂਰਤਿ' ਤੇ ਪਹਿਰਾ ਦਿੰਦਾ ਹੈ ਤੇ ਸਿੱਖ ਅਖਵਾਉ'ਦਾ ਹੈ। ਬਾਕੀ ਸਾਰੇ ਧਰਮ ਰੱਬ ਦੀ ਬਖਸ਼ੀਸ਼, 'ਸਾਬਤ ਸੂਰਤਿ' ਵਿਚ ਆਪਣੇ ਹੱਥੀਂ ਤਬਦੀਲੀਆਂ (ਸਿਰ ਮੁੰਡਨ ਤੇ ਸੁੰਨਤ ਆਦਿ) ਕਰ ਕੇ ਪੈਰੋਕਾਰ ਬਣਾਉ'ਦੇ ਹਨ, ਜਿਵੇਂ ਕਿ ਰੱਬ ਦੀ ਬਖਸ਼ੀ ਹੋਈ 'ਸਾਬਤ ਸੂਰਤਿ'' ਨਕਲੀ, ਨਾਕਿਸ, ਅਧੂਰੀ ਤੇ ਘਟੀਆ ਹੁੰਦੀ ਹੈ। ਪਰ ਉਹਨਾਂ ਦੀਆਂ ਭੀਵੀਆਂ ਅਜਿਹੇ ਪੈਰੋਕਾਰ ਬਣਨ ਤੋਂ ਵੀ ਵਾਂਝੀਆਂ ਰਹਿੰਦੀਆਂ ਹਨ। ਉਹਨਾਂ ਬੇਚਾਰੀਆਂ ਦਾ ਕੋਈ ਧਰਮ ਹੀ ਨਹੀਂ।

ਸੋ ਸਿੱਖੀ ਧਰਮ ਪੁਰਖ-ਪਰਮਾਤਮਾ ਦਾ ਪਰਮ ਪਦ ਹੈ ਤੇ ਉਸਦਾ ਆਪਣਾ ਸਾਜਿਆ ਧਰਮ ਹੈ। ਸਿੱਖ ਉਸ ਦਾ ਆਪਣਾ ਨਵਾਂ ਨਰੋਆ ਨਮੂਨਾ ਹੈ।

www.AKJ.Org

ਕਿਰਪਾਨ ਬਹਾਦਰ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਊਰਾ, ਅੰਮ੍ਰਿਤਸਰ]

ਜਦ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਭਗੌਤੀ' ਆਪਣੇ ਸਿੰਘਾਂ ਨੂੰ ਬਖਸ਼ ਕੇ ਇਸ ਨੂੰ ਰਹਿਤ-ਮਰਯਾਦਾ ਦਾ ਅੰਗ ਬਣਾਇਆ, ਤਦ ਤੋਂ ਹੀ ਵਿਰੋਧੀ ਇਸ ਤੋਂ ਤ੍ਰਹਿਣ ਲਗ ਪਏ। 'ਸ੍ਰੀ ਸਾਹਿਬ' ਪਹਾੜੀ ਰਾਜਿਆਂ ਨੂੰ ਵੀ ਖਟਕੀ, ਮੁਗਲਾਂ ਵੀ ਇਸ ਤੋਂ ਭੈਅ ਖਾਧਾ, ਅੰਗਰੇਜ਼ ਵੀ ਅੱਖੇ ਰਹੇ ਤੇ ਵਰਤਮਾਨ ਅਧਿਕਾਰੀਆਂ ਨੂੰ ਵੀ ਕਿਰਪਾਨ ਨਹੀਂ ਸੁਖਾਂਦੀ। ਪਰ ਨਾ ਬੀਤ ਚੁੱਕੇ ਸਮੇਂ ਵਿਚ ਕਿਰਪਾਨ ਸਿੰਘਾਂ ਤੋਂ ਖੋਹੀ ਜਾ ਸਕੀ ਹੈ, ਨਾ ਹੀ ਹੁਣ ਕੋਈ ਖੋਹਣ ਦਾ ਸਾਹਸ ਕਰ ਸਕਦਾ ਹੈ, ਕਿਉਂਕਿ ਸਿੱਖਾਂ ਲਈ ਕਿਰਪਾਨ ਮਾਰੂ ਹਥਿਆਰ ਨਹੀਂ, ਸਗੋਂ ਰੱਖਿਆ ਦਾ ਸ਼ਸਤਰ ਹੈ ਤੇ ਰਹਿਤ-ਮਰਯਾਦਾ ਦਾ ਵਿਸ਼ੇਸ਼ ਅੰਗ ਹੈ। ਪੰਜ-ਕਕਾਰਾਂ ਵਿਚੋਂ ਇਕ ਹੈ। ਸਮੇਂ ਸਮੇਂ ਜੋ ਯਤਨ ਕਿਰਪਾਨ ਉੱਤੇ ਪਾਬੰਦੀ ਲਾਉਣ ਦੇ ਹੁੰਦੇ ਰਹੇ ਹਨ ਉਨ੍ਹਾਂ ਦਾ ਲੇਖਾ-ਜੋਖਾ ਕਰਨਾ ਹੀ ਇਸ ਲੇਖ ਦਾ ਮਨੋਰਥ ਹੈ।

ਕਿਰਪਾਨ ਪਹਿਨਣ ਦੀ ਸੁਤੰਤਰਤਾ ਪ੍ਰਾਪਤ ਕਰਨ ਬਾਰੇ ਕੀਤੇ ਯਤਨਾਂ ਦਾ ਇਤਿਹਾਸ ਬੜਾ ਰੋਚਕ ਹੈ। ਇਸ ਹੱਕ ਨੂੰ ਪ੍ਰਾਪਤ ਕਰਨ ਲਈ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ। ਅੰਗਰੇਜ਼ੀ ਰਾਜ ਸਮੇਂ ਇਸ ਉੱਤੇ ਪਾਬੰਦੀ ਲਗਾਉਣ ਦੇ ਕਈ ਯਤਨ ਕੀਤੇ ਗਏ। ਰੋਚਕਤਾ ਇਸ ਗੱਲ ਵਿਚ ਹੈ ਕਿ ਇਕ ਪਾਸੇ ਅੰਗਰੇਜ਼ ਹਾਕਮ ਲਿਖ ਕੇ ਕਿਰਪਾਨ ਪਹਿਨਣ ਦੀ ਆਜ਼ਾਦੀ ਦਿੰਦੇ ਤਾਂ ਦੂਸਰੇ ਪਾਸੇ ਲਿਖ ਕੇ ਹੀ ਕਿਰਪਾਨ-ਧਾਰੀਆਂ ਉੱਤੇ ਮੁਕੱਦਮੇ ਚਲਾਉਂਦੇ ਤੇ ਅੰਗਰੇਜ਼ ਜੱਜ ਵੱਧ ਤੋਂ ਵੱਧ ਸਜ਼ਾਵਾਂ ਦੇ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕ ਦਿੰਦੇ।

ਇਕ ਸਮਾਂ ਅਜਿਹਾ ਵੀ ਆਇਆ ਕਿ ਕਿਰਪਾਨ ਵੀ ਬੰਦੂਕ, ਪਿਸਤੌਲ ਆਦਿ ਮਾਰੂ-ਹਥਿਆਰਾਂ ਵਿਚ ਸ਼ਾਮਲ ਕਰ ਕੇ ਇਸ ਦੇ ਰੱਖਣ ਅਤੇ ਪਹਿਨਣ ਤੇ ਰੋਕ ਲਗਾ ਦਿੱਤੀ ਗਈ ਸੀ। ਸਗੋਂ ਕਿਰਪਾਨ ਦਾ ਰੱਖਣਾ ਤੇ ਪਹਿਨਣਾ ਜੁਰਮ ਕਰਾਰ ਦੇ ਦਿਤਾ ਗਿਆ, ਪਰ ਸਿੱਖਾਂ ਦਾ ਇਸ ਨੂੰ ਪਹਿਨਣਾ ਧਾਰਮਿਕ ਤੌਰ 'ਤੇ ਜ਼ਰੂਰੀ ਸੀ, ਕਿਉਂਕਿ ਇਹ 'ਪੰਜ ਕਕਾਰਾਂ' ਵਿਚੋਂ ਇਕ ਹੈ, ਜਿਸ ਨੂੰ ਰੱਖਣ ਦਾ ਹੁਕਮ ਕਲਗੀਧਰ ਪਾਤਸ਼ਾਹ ਜੀ ਵਲੋਂ ਹੈ।

ਸ਼ਰਮ ਤੇ ਦੁੱਖ ਦੀ ਗੱਲ ਇਹ ਹੋਈ ਕਿ ਕਈ ਸਰਕਾਰੀ-ਪਿੱਠੂਆਂ ਨੇ ਕਿਰਪਾਨ ਨੂੰ ਕਿਰਪਾਨ ਨਾ ਰਹਿਣ ਦਿੱਤਾ, ਸਗੋਂ ਇਸ ਨੂੰ ਖਿਡੌਣਾ ਬਣਾ ਕੇ ਇਸ ਦੀ ਲੰਬਾਈ ਇਤਨੀ ਛੋਟੀ ਕਰ ਦਿੱਤੀ ਕਿ ਉਸ ਦੀ ਹੋਂਦ ਹੀ ਮਹਿਸੂਸ ਨਾ ਹੋਵੇ। ਇਸ ਨੂੰ ਕੰਘੇ ਦੇ ਉਪਰ ਲਗਾ ਕੇ ਇਸਦਾ ਗੁਪਤ-ਵਾਸ ਕਰਾ ਦਿਤਾ ਗਿਆ। ਇਹ ਰਿਵਾਜ ਅੱਜ ਕੱਲ੍ਹ ਹੋਰ ਸ਼ਕਲ ਇਖ਼ਤਿਆਰ ਕਰ ਗਿਆ ਹੈ ਕਿ ਛੋਟੀ ਜਿਹੀ ਕਿਰਪਾਨ, ਧਾਗੇ ਨਾਲ ਬੰਨ੍ਹ ਕੇ ਉਸ ਤਰ੍ਹਾਂ ਪਹਿਨੀ ਜਾਣ ਲੱਗੀ ਹੈ, ਜਿਸ ਤਰ੍ਹਾਂ ਹਿੰਦੂ ਲੋਕ ਸੂਤ ਦਾ ਜਨੇਊ ਪਹਿਨਦੇ ਹਨ। ਇਹ ਪ੍ਰਵਿਰਤੀ ਹਾਨੀਕਾਰਕ, ਸ਼ਰਮਨਾਕ ਤੇ ਦੁਖਦਾਈ ਹੈ, ਜਿਸ ਨੇ ਕਿਰਪਾਨ ਨੂੰ ਕੇਵਲ ਚਿੰਨ੍ਹ ਬਣਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਉਣ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਦੇ ਹੱਥਾਂ ਵਿਚ ਕੌਮ ਦੀ ਵਾਗਡੋਰ ਸੀ, ਉਹ ਕੋਈ ਅਜਿਹਾ ਕੰਮ ਕਰਨ ਵਾਸਤੇ ਤਿਆਰ ਨਹੀਂ ਸਨ ਜਿਸ ਤੋਂ ਅੰਗਰੇਜ਼ ਹਾਕਮਾਂ ਦੇ ਮੱਥੇ ਉਤੇ ਵੱਟ ਪਵੇ। ਅਕਾਲੀ ਲਹਿਰ ਤੋਂ ਪਹਿਲਾਂ ਬਹੁਤ ਸਾਰੇ ਸਿੱਖਾਂ ਨੂੰ ਲੰਮੀਆਂ ਸਜ਼ਾਵਾਂ ਭੁਗਤਣੀਆਂ ਪਈਆਂ, ਕਿਉਂਕਿ ਉਨ੍ਹਾਂ ਨੇ ਕਿਰਪਾਨਾਂ ਪਹਿਨੀਆਂ ਹੁੰਦੀਆਂ ਸਨ। ਇਹ ਦਮਨ-ਚੱਕਰ ਪੰਜਾਬ ਵਿਚ ਹੀ ਨਹੀਂ ਸੀ ਸਗੋਂ ਉੱਤਰ ਪ੍ਰਦੇਸ਼, ਬੰਗਾਲ ਤੇ ਬਰਮਾ ਵਿਚ ਵੀ ਕਿਰਪਾਨਧਾਰੀ ਸਿੱਖਾਂ ਨੂੰ ਫੜ ਲਿਆ ਜਾਂਦਾ ਸੀ। ਖਾਸ ਕਰਕੇ ਫੌਜੀ-ਸਿੱਖਾਂ ਨੂੰ ਜ਼ਿਆਦਾ ਕਸ਼ਟ ਝੱਲਣੇ ਪਏ। ਉਨ੍ਹਾਂ ਵਿਚੋਂ ਕਈਆਂ ਨੂੰ ਕਮਾਨ-ਅਫਸਰਾਂ ਨੇ ਚੌਦਾਂ-ਚੌਦਾਂ ਸਾਲਾਂ ਦੀਆਂ ਸਜ਼ਾਵਾਂ ਦਿੱਤੀਆਂ।

ਆਖ਼ਰ ਕਾਫੀ ਰੌਲਾ ਪੈਣ 'ਤੇ ਪੰਜਾਬ ਕੌਂਸਲ ਅਤੇ ਕੇਂਦਰੀ ਅਸੰਬਲੀ ਵਿਚ ਇਸ ਮਸਲੇ ਬਾਰੇ ਪ੍ਰਸ਼ਨ ਪੁੱਛੇ ਗਏ, ਅਖਬਾਰਾਂ ਵਿਚ ਚਰਚਾ ਹੋਈ। ਨਤੀਜਾ ਇਹ ਹੋਇਆ ਕਿ ਸਰਕਾਰ ਨੇ ੨੫ ਜੂਨ ੧੯੧੪ ਨੂੰ ਇਕ

www.AKJ.Org

ਐਲਾਨ ਦੁਆਰਾ ਕਿਰਪਾਨ ਨੂੰ ਹੋਰਨਾਂ ਹਥਿਆਰਾਂ ਨਾਲੋਂ ਵੱਖਰਾ ਕਰ ਕੇ ਉਸ ਦੇ ਪਹਿਨਣ 'ਤੇ ਲੱਗੀ ਰੋਕ ਹਟਾ ਲਈ। ਪਾਬੰਦੀ ਹਟਾ ਤਾਂ ਦਿੱਤੀ ਪਰ ਫੇਰ ਕਿਰਪਾਨ ਦੀ ਲੰਬਾਈ ਤੇ ਡੀਜ਼ਾਇਨ ਬਾਰੇ ਚੁੱਚਰ ਡਾਹੇ ਜਾਣ ਲੱਗੇ। ਕਿਰਪਾਨ ਦੀ ਲੰਬਾਈ ਦਾ ਬਹਾਨਾ ਪਾ ਕੇ ਗ੍ਰਿਫਤਾਰੀ ਕਰ ਲਈ ਜਾਂਦੀ। ਇਸ ਤਰ੍ਹਾਂ ਇਹ ਮਾਮਲਾ ਲਟਕਦਾ ਰਿਹਾ। ਜੇਕਰ ਕਿਰਪਾਨ ਦੇ ਵਿਰੁੱਧ ਆਵਾਜ਼ ਉਠਦੀ ਤਾਂ ਹੱਕ ਵਿਚ ਅਮਲ ਹੁੰਦਾ ਰਿਹਾ ਤੇ ਮਸਲਾ ਉਵੇਂ ਹੀ ਰਿਹਾ। ੧੯ ਮਈ ੧੯੧੭ ਨੂੰ ਸਰਕਾਰ ਨੇ ਇਕ ਐਲਾਨ ਕੀਤਾ, ਜਿਸ ਅਨੁਸਾਰ ਹਿੰਦੁਸਤਾਨ ਭਰ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਖੁੱਲ੍ਹ ਦੇ ਦਿੱਤੀ ਗਈ ਪਰ ਸਾਈਜ਼ ਤੇ ਡੀਜ਼ਾਇਨ ਬਾਰੇ ਕੋਈ ਪੱਕਾ ਫੈਸਲਾ ਨਾ ਕੀਤਾ ਗਿਆ।

ਜੂਨ ੧੯੨੨ ਦੇ ਸ਼ੁਰੂ ਵਿਚ ਸਰਕਾਰ ਨੇ ਕਿਰਪਾਨਧਾਰੀ ਅਕਾਲੀਆਂ ਦੀ ਗ੍ਰਿਫਤਾਰੀ ਦੇ ਅੰਕੜੇ ਦਿਤੇ, ਜਿਸ ਅਨੁਸਾਰ ੬੮ ਕਿਰਪਾਨਧਾਰੀ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਵਿਚੋਂ ੬੬ ਉਤੇ ਮੁਕੱਦਮੇ ਚਲਾਏ ਗਏ। ਚਾਲ੍ਹੀਆਂ ਨੂੰ ਕਿਰਪਾਨਾਂ ਰੱਖਣ, ਵੇਚਣ ਤੇ ਬਣਾਉਣ ਦੇ ਦੋਸ਼ ਵਿਚ ਸਜ਼ਾਵਾਂ ਦਿਤੀਆਂ ਗਈਆਂ। ਬਾਰਾਂ ਉੱਤੇ ਮੁਕੱਦਮੇ ਚਲ ਰਹੇ ਸਨ। ਸਾਥੀ ਸੋਹਨ ਸਿੰਘ ਜੋਸ਼ ਅਨੁਸਾਰ ਇਹ ਅੰਕੜੇ ਅਧੂਰੇ ਤੇ ਘੱਟ ਹਨ। ਅਸਲ ਗਿਣਤੀ ਇਨ੍ਹਾਂ ਤੋਂ ਕਿਤੇ ਅਧਿਕ ਹੈ। (ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੨੫੨)

ਅੱਜ ਵੀ ਕਿਰਪਾਨਧਾਰੀ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਸਰਕਾਰ ਹਰ ਇਕ ਸਿੱਖ ਕਿਰਪਾਨਧਾਰੀ ਨੂੰ ਮੁਜਰਮ ਸਮਝਦੀ ਸੀ। (ਅਕਾਲੀ ਮੋਰਚਿਆਂ ਦਾ ਇਤਿਹਾਸ, ਪੰਨਾ ੨੫੨)। ਕਿਰਪਾਨ ਨਾਲ ਸਿੱਖਾਂ ਦਾ ਸੰਬੰਧ ਬੜਾ ਪੁਰਾਣਾ ਹੈ। ਇਹ ਸੰਬੰਧ ੧੬੯੯ ਦੀ ਇਕ ਇਤਿਹਾਸਕ ਘਟਨਾ ਨਾਲ ਜੁੜਿਆ ਹੋਇਆ ਹੈ। ਜਦੋਂ ਗੁਰੂ ਗੋਬਿੰਦ ਜੀ ਨੇ 'ਸੀਸ ਭੇਟ' ਲੈ ਕੇ ਕਿਰਪਾਨ, ਕੜਾ, ਕੰਘਾ ਤੇ ਕਛਹਿਰਾ ਆਦਿ ਸਿੱਖਾਂ ਨੂੰ ਰਹਿਤ ਮਰਯਾਦਾ ਦੇ ਚਿੰਨ੍ਹਾਂ ਵਜੋਂ ਬਖਸ਼ੇ ਸਨ। ਕੇਸ ਤਾਂ ਅਕਾਲ ਪੁਰਖ ਵਲੋਂ ਹਰ ਵਿਅਕਤੀ ਨੂੰ ਕੁਦਰਤੀ ਦਾਤ ਹੈ। ਇਹ ਵੱਖਰੀ ਗੱਲ ਹੈ ਕਿ ਕਈ ਕੇਸਾਂ ਫਰਗੀ ਕੁਦਰਤੀ ਦਾਤ ਦੀ ਸੰਭਾਲ ਕਰਦੇ ਹਨ ਤੇ ਬਹੁਤੇ ਉਨ੍ਹਾਂ ਦਾ ਤਿਆਗ ਕਰ ਕੇ ਕਰਤੇ ਦੀ ਦਾਤ ਦਾ ਤ੍ਰਿਸਕਾਰ ਕਰਦੇ ਹਨ, ਅਮਾਨਤ ਵਿਚ ਖਿਆਨਤ ਕਰਦੇ ਹਨ। ਸਵੈ-ਰੱਖਿਆ ਦਾ ਹਥਿਆਰ 'ਕਿਰਪਾਨ' ਜ਼ੁਲਮ ਤੋਂ ਬਚਣ ਲਈ ਸ਼ਸਤਰ ਹੈ ਤੇ ਜ਼ੁਲਮ ਨੂੰ ਰੋਕਣ ਲਈ ਵੀ। ਇਸ ਦੀ ਵਰਤੋਂ ਵੀ ਸੰਕਟਮਈ ਹਾਲਾਤ ਵਿਚ, ਜਦੋਂ ਹੋਰ ਸਭ ਹੀਲੇ-ਬਹਾਨੇ ਖ਼ਤਮ ਹੋ ਜਾਣ ਤਾਂ ਹੀ ਕਰਨ ਦੀ ਆਗਿਆ ਹੈ। ਐਸੀ ਹਾਲਤ ਵਿਚ ਇਸ ਦੀ ਵਰਤੋਂ ਜਾਇਜ਼ ਕਰਾਰ ਦਿਤੀ ਗਈ ਹੈ। ਗੁਰੂ ਕਲਗੀਧਰ ਪਾਤਸ਼ਾਹ ਜੀ ਦਾ ਆਪਣਾ ਫ਼ੁਰਮਾਨ ਹੈ—

"ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥੨੨॥" ਜ਼ਫ਼ਰਨਾਮਾ ਪਾ: ੧੦

ਇਹ ਕਿਰਪਾਨ ਨਿਹੱਥਿਆਂ ਤੇ ਮਜ਼ਲੂਮਾਂ ਉੱਤੇ ਚਲਾਉਣ ਦੀ ਆਗਿਆ ਨਹੀਂ। ਇਹ 'ਕਿਰਪਾਨ' ਤਾਂ 'ਕਿਰਪਾ' ਤੇ 'ਆਨ' ਦਾ ਸੁਜੋੜ ਹੈ। ਇਸ ਦਾ ਭਾਵ ਹੈ ਕਿਰਪਾ-ਦ੍ਰਿਸ਼ਟੀ ਰੱਖਦਿਆਂ ਹੋਇਆਂ ਆਨ ਦੀ ਰੱਖਿਆ ਕਰਨੀ। ਕਿਰਪਾ-ਦ੍ਰਿਸ਼ਟੀ ਜੇ ਮਾਰੂ ਨਹੀਂ ਹੋ ਸਕਦੀ ਤਾਂ ਆਨ ਵੀ ਭੈਅ ਮੰਨ ਕੇ ਕਾਇਮ ਨਹੀਂ ਰਖੀ ਜਾ ਸਕਦੀ। ਆਨ ਕਾਇਮ ਰੱਖਣ ਵਾਲੇ ਨੂੰ ਭੈਅ-ਰਹਿਤ ਹੋਣਾ ਪੈਂਦਾ ਹੈ। ਕਿਰਪਾ-ਦ੍ਰਿਸ਼ਟੀ ਰੱਖਣ ਵਾਲੇ ਨੂੰ ਮਾਰੂ-ਰੁਚੀ ਤਿਆਗਣੀ ਪੈਂਦੀ ਹੈ। ਇਸ ਲਈ ਗੁਰੂ ਤੇਗ ਬਹਾਦਰ ਜੀ ਨੇ ਫੁਰਮਾਇਆ ਹੈ, "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।" ਇਸੇ ਮਨੋਰਥ ਨੂੰ ਮੁੱਖ ਰੱਖ ਕੇ ਖਾਲਸਾ ਸਾਜਣ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ 'ਕਿਰਪਾਨ' ਬਖਸ਼ਿਸ਼ ਕੀਤੀ ਸੀ, ਨਾ ਕਿ ਤਲਵਾਰ, ਛੁਰਾ, ਪਿਸਤੌਲ, ਤ੍ਰਿਸ਼ੂਲ ਆਦਿ।

ਖਾਲਸੇ ਲਈ 'ਕਿਰਪਾਨ' ਉਸ ਦੀ ਸ਼ਖਸੀ-ਰਹਿਤ ਦਾ ਅੰਗ ਹੈ, ਜੋ ਉਸ ਨੂੰ ਕਿਰਪਾ ਤੇ ਆਨ ਦੀ ਪ੍ਰੇਰਨਾ ਦਿੰਦੀ ਹੈ। ਕਿਰਪਾ ਤੇ ਆਨ ਦਾ ਅਨੁਯਾਈ ਖਾਲਸਾ 'ਕਿਰਪਾਨ ਬਹਾਦਰ' ਹੈ।

www.AKJ.Org

ਚਉਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

"ਚਉਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ !" ਪੰਗਤੀ ਕੌਮ ਦੀਆਂ ਪਰੰਪਰਾਵਾਂ, ਰਵਾਇਤਾਂ ਤੇ ਸੰਸਥਾਵਾਂ ਦੀ ਸਦੀਵਕਾਲ ਅਟੱਲਤਾ ਲਈ ਯਾਚਨਾ ਕਰਦੀ ਹੈ।

ਚਉਕੀਆਂ :

ਚਉਕੀ ਦਾ ਅਰਥ ਹੈ 'ਸਾਵਧਾਨ ਪਹਿਰਾ'।[1] ਸਿਖ ਵਿਚਾਰਧਾਰਾ ਅਨੁਸਾਰ, ਆਕ੍ਰਮਣ ਭਾਵੇਂ ਬਾਹਰੋਂ ਹੋਵੇ ਭਾਵੇਂ ਅੰਦਰੋਂ, ਪਹਿਰਾ ਸ਼ਬਦ ਦਾ ਹੁੰਦਾ ਹੈ। ਇਸੇ ਲਈ ਸਾਡੀਆਂ ਚਉਕੀਆਂ ਸ਼ਬਦ-ਚਉਕੀਆਂ ਹਨ। ਇਹ ਚਉਕੀਆਂ ਕੀਰਤਨੀ ਟੋਲੀਆਂ ਦੇ ਰੂਪ ਵਿਚ ਫਿਰਦੇ ਫਿਰਦੇ ਕੀਰਤਨ ਕਰਦੀਆਂ ਤੇ ਸਾਨੂੰ ਸਾਵਧਾਨ ਕਰ, ਅੰਦਰਲੇ ਤੇ ਬਾਹਰਲੇ ਖ਼ਤਰਿਆਂ ਤੋਂ ਸੁਚੇਤ ਕਰਦੀਆਂ ਹਨ।[2]

ਚਉਕੀਆਂ ਤਿੰਨ ਪ੍ਰਕਾਰ ਦੀਆਂ ਹਨ : (੧) ਨਿਤ ਨੇਮ ਦੀਆਂ, (੨) ਇਤਿਹਾਸਕ, ਤੇ (੩) ਯਾਤਰੂ।

(੧) ਨਿਤਨੇਮ ਦੀਆਂ ਚਉਕੀਆਂ :

ਨਿਤ ਨੇਮ ਦੀਆਂ ਪੰਜ ਚਉਕੀਆਂ ਹਨ, ਜੋ ਗੁਰੂ ਅਰਜਨ ਦੇਵ ਜੀ ਵੇਲੇ ਹੀ ਸਥਾਪਿਤ ਹੋ ਗਈਆਂ ਸਨ। ਕਾਮ ਕ੍ਰੋਧ ਆਦਿ ਪੰਜਾਂ ਬਿਖਾਦੀਆਂ ਤੋਂ ਸੁਰੱਖਿਆ ਲਈ ਇਹ ਪੰਜ ਚਉਕੀਆਂ, ਜਿਵੇਂ, ਰਾਮ ਕਾਰ ਕਢਦੀਆਂ ਹਨ। ਇਹ ਪੰਜ ਚਉਕੀਆਂ ਹਨ :–

(੧) ਆਸਾ ਦੀ ਵਾਰ ਦੀ ਚਉਕੀ–ਜੋ ਅੰਮ੍ਰਿਤ ਵੇਲੇ ਲਗਦੀ ਹੈ ਤੇ ਜਿਸ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ।

(੨) ਬਿਲਾਵਲ ਦੀ ਚਉਕੀ–ਜੋ ਸੂਰਜ ਚੜ੍ਹਦੇ ਸਾਰ ਗਾਇਨ ਕੀਤੀ ਜਾਂਦੀ ਹੈ।

(੩) ਚਰਨ ਕੰਵਲ ਦੀ ਚਉਕੀ–ਜੋ ਸਵਾ ਪਹਿਰ ਦਿਨ ਚੜ੍ਹੇ ਲਗਦੀ ਹੈ ਤੇ ਜਿਸ ਵਿਚ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ'[3] ਵਾਲਾ ਸ਼ਬਦ ਪੜ੍ਹਿਆ ਜਾਂਦਾ ਹੈ।

(੪) ਸੋਦਰ ਦੀ ਚਉਕੀ–ਜੋ ਤ੍ਰਿਕਾਲਾਂ ਪੈਣ ਤੇ ਰਹਿਰਾਸ ਦੇ ਪਾਠ ਤੋਂ ਪਹਿਲਾਂ ਲਗਦੀ ਹੈ, ਜਿਸ ਵਿਚ 'ਸੋਦਰੁ' ਦਾ ਸ਼ਬਦ ਗਾਇਨ ਕੀਤਾ ਜਾਂਦਾ ਹੈ।

(੫) ਕਲਜਾਣ ਦੀ ਚਉਕੀ–ਚਾਰ ਘੜੀ ਰਾਤ ਬੀਤੇ, ਜਿਸ ਵਿਚ ਕਲਜਾਣ ਦੇ ਸ਼ਬਦ ਗਾਏ ਜਾਂਦੇ ਹਨ।

(੨) ਇਤਿਹਾਸਕ ਚਉਕੀਆਂ :–

ਇਹਨਾਂ ਦਾ ਸੰਬੰਧ ਇਤਿਹਾਸਿਕ ਸਾਕਿਆਂ ਨਾਲ ਹੈ। ਇਹ ਚਉਕੀਆਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਤੋਂ ਸ਼ੁਰੂ ਹੋਈਆਂ।

ਇਕ ਵਾਰ ਭਾਈ ਸਾਈਂ ਦਾਸ ਜੀ ਤੇ ਉਹਨਾਂ ਦੀ ਸੁਪਤਨੀ ਬੀਬੀ ਰਾਮੋ ਬਾਈ ਜੀ ਨੇ ਛੇਵੇਂ ਪਾਤਸ਼ਾਹ ਨੂੰ ਬਹੁਤ ਯਾਦ ਕੀਤਾ। ਗੁਰੂ ਸਾਹਿਬ ਡਰੌਲੀ ਪਿੰਡ ਉਹਨਾਂ ਨੂੰ ਦਰਸ਼ਨ ਦੇਣ ਗਏ। ਪ੍ਰੇਮ-ਵੱਸ ਹੋ ਕੇ ਆਪ ਬਹੁਤ ਸਮਾਂ ਓਥੇ ਹੀ ਟਿਕ ਗਏ। ਪਰ, ਪਿਛੇ ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਗੁਰ-ਦਰਸ਼ਨ ਤੋਂ ਬਾਝ ਬਹੁਤ ਵਿਆਕੁਲ ਹੋਈਆਂ। ਆਖ਼ਰ ਉਹਨਾਂ ਰਲ ਕੇ ਬਾਬਾ ਬੁੱਢਾ ਜੀ ਪਾਸ ਬਨਤੀ ਕੀਤੀ ਕਿ ਉਹ ਮਹਾਰਾਜ ਨੂੰ ਪ੍ਰਾਰਥਨਾ-ਪੱਤਰ ਲਿਖ ਕੇ ਸੰਗਤਾਂ ਤੇ ਉਪਕਾਰ ਕਰਨ। ਸੰਗਤ ਦੀ ਬੇਨਤੀ ਪਰ ਬਾਬਾ ਜੀ ਨੇ ਗੁਰੂ ਸਾਹਿਬ ਨੂੰ ਪੱਤਰ ਲਿਖਿਆ। ਗੁਰੂ ਜੀ ਨੇ ਉਤਰ ਵਿਚ ਲਿਖਿਆ, "ਜਿਉਂ ਹੀ ਇਥੋਂ ਦੇ ਕੰਮ ਮੁਕਦੇ ਹਨ, ਅਸੀਂ ਤੁਰਤ ਪਰਤ ਆਵਾਂਗੇ।

---

੧. ਚਾਰ ਪਹਿਰੇਦਾਰਾਂ ਦੀ ਟੋਲੀ ਨੂੰ ਵੀ ਚਉਕੀ ਕਹਿੰਦੇ ਹਨ : "ਚਉਕੀ ਚਉਗਿਰਦ ਹਮਾਰੈ" —ਸੋਰਠਿ ਮ: ੫ (੬੨੬/੮)

੨. ਇਸ ਤੋਂ ਸਿਖ ਸ਼ਬਦਾਵਲੀ ਵਿਚ ਚਉਕੀ ਦਾ ਅਰਥ ਭਜਨ-ਮੰਡਲੀ ਹੋ ਗਿਆ, ਜੋ ਪਰਿਕਰਮਾ ਕਰਦੀ ਹੋਈ ਸ਼ਬਦ ਗਾਵੇ।

੩. ਬਿਲਾਵਲੁ ਮ: ੫ (੮੦੬/੭)

www.AKJ.Org

ਤੁਸੀਂ ਉਥੇ ਪ੍ਰੇਮ ਨਾਲ, ਸਾਰੀ ਸੰਗਤ ਸਣੇ ਪਿਆਰ ਨਾਲ ਗੁਰੂ-ਸ਼ਬਦ ਦਾ ਕੀਰਤਨ ਕਰੋ। ਇਹੋ ਤੁਹਾਡਾ ਲੋਕ ਪਰਲੋਕ ਵਿਚ ਸਹਾਈ ਹੋਵੇਗਾ।"[੧] ਇਹ ਉੱਤਰ ਪੜ੍ਹ ਕੇ ਬਾਬਾ ਜੀ ਨੇ ਸਰਬੱਤ ਸੰਗਤ ਨੂੰ ਹੁਕਮ ਸੁਣਾਇਆ। ਹੁਕਮ ਸੁਣ ਸਾਰੀ ਸੰਗਤ ਸੰਧਿਆ ਵੇਲੇ ਜੁੜੀ ਤੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਕੀਰਤਨ ਕੀਤਾ। ਬਾਬਾ ਜੀ ਨੇ ਇਕ ਸੇਵਕ ਦੇ ਹੱਥ ਚਾਂਦੀ ਦਾ ਆਸਾ ਤੇ ਦੋ ਮਸ਼ਾਲਚੀਆਂ ਹੱਥ ਮਸ਼ਾਲਾਂ ਦਿੱਤੀਆਂ। ਅੱਗੇ ਅੱਗੇ ਨਿਸ਼ਾਨ ਸਾਹਿਬ ਤੇ ਮਗਰੇ ਮਗਰ ਹੋਰ ਸੰਗਤਾਂ ਸਣੇ ਬਾਬਾ ਬੁੱਢਾ ਜੀ ਦੇ, ਚਾਰ ਘੜੀ ਰਾਤ ਬੀਤਣ ਤਕ ਸ਼ਬਦ ਕੀਰਤਨ ਕਰਦਿਆਂ ਬੁੰਗਿਆਂ ਤੇ ਪਰਕਰਮਾ ਵਿਚ ਬੈਠੀ ਸੰਗਤ ਨੂੰ ਨਿਹਾਲ ਕਰਦੇ ਰਹੇ। ਫਿਰ ਇਹ ਚਉਕੀ ਹਰ ਰੋਜ਼ ਨੇਮ ਨਾਲ ਨਿਕਲਣ ਲਗ ਪਈ।

ਇਸੇ ਤਰ੍ਹਾਂ ਜਦੋਂ ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ ਤਾਂ ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਦੀ ਅਗਵਾਈ ਵਿਚ ਸਿਖ ਸੰਗਤਾਂ ਸ਼ਬਦ-ਚਉਕੀਆਂ ਦੇ ਰੂਪ ਵਿਚ ਗਵਾਲੀਅਰ ਵਲ ਤੁਰ ਪਈਆਂ। ਅੱਗੇ ਅੱਗੇ ਨਿਸ਼ਾਨ ਸਾਹਿਬ ਸੀ, ਜੋ ਆਜ਼ਾਦੀ ਦਾ ਪ੍ਰਤੀਕ ਸੀ। ਨਾਲ ਮਸ਼ਾਲਾਂ ਸਨ, ਜੋ ਹਕੂਮਤ ਨੂੰ ਰਾਹ ਦਿਖਾਲਣ ਦੀਆਂ ਪ੍ਰਤੀਕ ਸਨ। ਇਹ ਚਉਕੀਆਂ ਪਿੰਡ ਪਿੰਡ ਕੀਰਤਨ ਕਰਦੀਆਂ ਤੇ ਥਾਂ ਥਾਂ ਰੋਸ਼ ਜਗਾਉ ਦੀਆਂ। ਗਵਾਲੀਅਰ ਪਹੁੰਚ ਕੇ ਚਉਕੀਆਂ ਦੀ ਸੰਗਤ ਕਿਲ੍ਹੇ ਦੀ ਪਰਿਕਰਮਾ ਕਰਦੀ; ਜਿਥੇ ਸਤਿਗੁਰੂ ਜੀ ਕੈਦ ਦੱਸੀਦੇ ਸਨ, ਉਥੇ ਬਾਹਰੋਂ ਹੀ ਨਮਸਕਾਰਾਂ ਕਰ ਕੇ ਰੁਦਨ ਕਰਦੇ।[੨] ਰੋਸ ਦੀ ਭਾਵਨਾ ਦਿਨੋ ਦਿਨ ਵਧਦੀ ਗਈ। ਫਲ-ਸਰੂਪ, ਜਹਾਂਗੀਰ ਨੂੰ ਫ਼ੈਸਲਾ ਕਰਨਾ ਪਿਆ ਕਿ ਗੁਰੂ ਜੀ ਨੂੰ ਰਿਹਾ ਕਰ ਦਿੱਤਾ ਜਾਵੇ। ਗੁਰੂ ਜੀ ਪਤ ਰਾਜਿਆਂ ਦੇ ਬੰਦੀ-ਛੋੜ ਬਣ ਬਾਹਰ ਆਏ। ਅਕਾਲ ਤਖ਼ਤ ਸਾਹਿਬ ਪਹੁੰਚ ਕੇ ਉਹਨਾਂ ਸੰਗਤਾਂ ਦੇ ਪ੍ਰੇਮ ਉਪਰ ਅਨੰਦ ਪ੍ਰਸੰਨਤਾ ਪ੍ਰਗਟ ਕੀਤੀ ਤੇ ਚਉਕੀ ਸਾਹਿਬ ਦੀ ਮਰਯਾਦਾ ਨੂੰ ਵਰ ਦਿੱਤਾ : "ਜਦੋਂ ਜਦੋਂ ਵੀ ਮੇਰੇ ਸਿਖ ਜਬਰ ਤੇ ਅਨਿਆਂ ਵਿਰੁੱਧ ਚਉਕੀ ਸਾਹਿਬ ਦੀ ਮਰਯਾਦਾ ਵਰਤਣਗੇ, ਮੈਂ ਚਉਕੀ ਸਾਹਿਬ ਵਿਚ ਹਾਜ਼ਰ ਹੋਵਾਂਗਾ।"

ਇਹ ਪਹਿਲੀ ਰਾਜਸੀ ਚਉਕੀ ਸੀ, ਜੋ ਅਕਾਲ ਤਖ਼ਤ ਤੋਂ ਚਲੀ ਸੀ ਤੇ ਜੋ ਬਾਹਰਲੇ ਜਬਰ ਵਿਰੁੱਧ ਰੋਸ ਕਰਨ ਹਿੱਤ ਨਿਕਲੀ ਸੀ। ਅੱਜ ਕਲ੍ਹ ਅਕਾਲ ਤਖ਼ਤ ਸਾਹਿਬ ਤੋਂ ਗਿਆਰਾਂ ਵੱਖ ਵੱਖ ਚਉਕੀਆਂ ਨਿਕਲਦੀਆਂ ਹਨ।

(੩) ਯਾਤਰੂ ਚਉਕੀਆਂ :

ਇਹ ਚਉਕੀਆਂ ਨਿਸਚਿਤ ਦਿਨਾਂ ਉਪਰ ਨਿਸਚਿਤ ਗੁਰ-ਅਸਥਾਨਾਂ ਦੀ ਯਾਤ੍ਰਾ ਲਈ ਨਿਕਲਦੀਆਂ ਹਨ। ਮਿਸਾਲ ਦੇ ਤੌਰ ਤੇ ਹਰ ਅਮਾਵਸ ਦੇ ਦਿਨ ਸ੍ਰੀ ਅੰਮ੍ਰਿਤਸਰ ਤੋਂ ਤਰਨ ਤਾਰਨ ਨੂੰ; ਪੰਚਮੀ ਸਾਹਿਬ ਦੇ ਮੇਲੇ ਤੇ ਤਰਨ ਤਾਰਨ ਤੋਂ ਗੋਇੰਦਵਾਲ ਨੂੰ। ਦੇਸ਼ ਦੀ ਵੰਡ ਤੋਂ ਪਹਿਲਾਂ ਗੁਜਰਾਂਵਾਲੇ ਤੋਂ ਰੋੜੀ ਸਾਹਿਬ ਨੂੰ ਵੀ ਚਉਕੀਆਂ ਜਾਂਦੀਆਂ ਸਨ।

ਅਰਦਾਸ ਵਿਚ ਚਉਕੀਆਂ ਦੀ ਜੁਗੋ ਜੁੰਗ ਅਟੱਲਤਾ ਮੰਗਣ ਦਾ ਭਾਵ ਸਪੱਸ਼ਟ ਤੌਰ ਤੇ ਅੰਦਰਲੇ ਤੇ ਬਾਹਰਲੇ ਖ਼ਤਰਿਆਂ ਤੋਂ ਸ਼ਬਦ ਰਾਹੀਂ ਰਾਖੀ ਯਾਚਣੀ ਹੈ। ਨਾਲ ਹੀ ਕੀਰਤਨ ਤੇ ਬਾਣੀ ਦੇ ਪ੍ਰਵਾਹ ਦੀ ਅਟੱਲਤਾ ਯਾਚਣੀ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਸੰਗਤਾਂ ਨੂੰ ਆਦੇਸ਼ ਸੀ ਕਿ "ਕੀਰਤਨ ਵਿਚ ਮੇਰੇ ਦਰਸ਼ਨ ਹੋਣਗੇ।" ਸੋ ਚਉਕੀਆਂ ਦੀ ਸਦੀਵਤਾ ਮੰਗ ਕੇ, ਕੀਰਤਨ ਵਿਚ ਗੁਰੂ ਦੇ ਦੀਦਾਰ ਦੇ ਵਰਦਾਨ ਦੀ ਅਟੱਲਤਾ ਦਾ ਦਾਨ ਮੰਗਿਆ ਜਾਂਦਾ ਹੈ।

---

੧. ਬਹੁਰ ਪਰਿਓ ਕਾਗਦ ਲਿਖਵਾਇ। ਬਿਨਾ ਬਿਲੰਬ ਆਇ ਇਸ ਥਾਇ।
ਸਰਬ ਕਾਜ ਇਤ ਕੇ ਹੁਇ ਗਏ। ਪੂਰ ਮਨੋਰਥ ਸਿਖਨ ਕਏ।
ਸਤਿਗੁਰ ਸਬਦ ਕਰੇ ਪਠ ਪ੍ਰੇਮ। ਜੋ ਦਾਤਾ ਦੁਹ ਲੋਕਨ ਛੇਮ। —ਭਾ: ਸੰਤੋਖ ਸਿੰਘ : ਗੁਰ ਪ੍ਰਤਾਪ ਸੂਰਜ

੨. ਮੁਹਸਨ ਫ਼ਾਨੀ ਨੇ ਇਸ ਬਿਰਤਾਂਤ ਦੀ ਗਵਾਹੀ ਆਪਣੀ ਕਿਤਾਬ ਦਬਿਸਤਾਨੇ ਮਜ਼ਾਹਬ ਵਿਚ ਦਿੱਤੀ ਹੈ।

www.AKJ.Org

ਝੰਡੇ :

ਸਿਖ ਸੰਗਤਾਂ ਵਿਚ ਇਹ ਵਿਚਾਰ ਆਮ ਪ੍ਰਚਲਤ ਹੈ ਕਿ ਝੰਡਾ ਸਾਡੀ ਫ਼ੌਜੀ ਤਾਕਤ ਦਾ ਨਿਸ਼ਾਨ ਹੈ ਤੇ ਇਸ ਦਾ ਰਿਵਾਜ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਸ਼ੁਰੂ ਹੋਇਆ। ਪਰ, ਇੰਜ ਲਗਦਾ ਹੈ ਮੀਰੀ ਦੇ ਉਸ ਨਿਸ਼ਾਨ ਸਾਹਿਬ ਤੋਂ ਪਹਿਲਾਂ ਪੀਰੀ ਦਾ ਨਿਸ਼ਾਨ ਸਾਹਿਬ ਝੁਲਦਾ ਸੀ। ਗੁਰੂ ਅਮਰਦਾਸ ਜੀ ਬਾਰੇ ਭੱਟ ਕਲਸਹਾਰ ਦੇ ਇਹ ਸ਼ਬਦ :

ਜਿਸੁ ਧੀਰਜੁ ਧੁਰਿ ਧਵਲ ਧੁਜਾ ਸੇਤਿ ਬੈਕੁੰਠ ਬੀਠਾ।[1] —ਸਵਯੇ ਮਃ ਤੀਜੇ ਕੇ ੧੩੯੨/੧੫)

ਇਸ਼ਾਰਾ ਕਰਦੇ ਹਨ ਕਿ ਗੁਰਮੁਖਤਨ ਉਸ ਵੇਲੇ ਗੋਇੰਦਵਾਲ ਸਾਹਿਬ ਚਿੱਟਾ ਝੰਡਾ ਲਹਿਰਾਉਂਦਾ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸ਼ਾਂਤੀ ਦੇ ਪ੍ਰਤੀਕ ਇਸ ਚਿੱਟੇ ਧਰਮ ਧੁਜਾ ਉੱਪਰ 'ੴ' ਲਿਖਿਆ ਹੁੰਦਾ ਸੀ। ਇਹ ਉਸ 'ਰਾਜ' ਦਾ ਝੰਡਾ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਕਾਇਮ ਕੀਤਾ।[2] ਗੁਰੂ ਰਾਮਦਾਸ ਸਾਹਿਬ ਵੇਲੇ ਵੀ, ਜਾਪਦਾ ਹੈ, ਏਹੋ ਧਰਮ ਧੁਜਾ ਲਹਿਰਾਉਂਦਾ ਸੀ[3], ਤੇ ਗੁਰੂ ਅਰਜਨ ਦੇਵ ਜੀ ਵੇਲੇ ਵੀ।[4]

ਜਾਪਦਾ ਹੈ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ ਨਿਸ਼ਾਨ ਸਾਹਿਬ ਦਾ ਰੰਗ ਕੇਸਰੀ ਹੋ ਗਿਆ ਤੇ ਇਸ ਦੇ ਫਰੇਰੇ ਉਪਰ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਉਲੀਕੀਆਂ ਜਾਣ ਲਗੀਆਂ। ਗੁਰੂ ਹਰਿਗੋਬਿੰਦ ਸਾਹਿਬ ਵੇਲੇ ੧੬੦੬ ਈ: ਵਿਚ ਇਹ ਅਕਾਲੀ ਧੁਜਾ ਸ੍ਰੀ ਅਕਾਲ ਤਖ਼ਤ ਸਾਹਿਬ ਪਹਿਲੀ ਵਾਰ ਲਹਿਰਾਇਆ ਗਿਆ।

ਇਸ ਤੋਂ ਮਗਰੋਂ ਇਹ ਝੰਡਾ ਸਿਖ ਰਵਾਇਤ ਵਿਚ ਸ਼ਾਮਲ ਹੋ ਗਿਆ। ਗੁਰੂ ਤੇਗ ਬਹਾਦਰ ਸਾਹਿਬ ਜਦੋਂ ਕਿਸੇ ਪ੍ਰਚਾਰਕ ਦੀ ਥਾਪਨਾ ਕਰਦੇ, ਉਸ ਨੂੰ ਦੱਖਣੀ ਬੈਲ, ਪੌਂਚੀ ਤੇ ਝੰਡਾ ਦੇ ਕੇ ਤੋਰਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਨੂੰ ਧਰਮ ਧੁਜਾ ਆਖ ਕੇ ਕੇਵਲ ਝੰਡੇ ਦਾ ਅਧਿਆਤਮੀ-ਕਰਣ ਹੀ ਨਹੀਂ ਕੀਤਾ, ਇਸ ਨੂੰ ਇਸ਼ਟ ਦਾ ਦਰਜਾ ਵੀ ਦੇ ਦਿੱਤਾ।[5]

ਅਕਾਲ ਤਖ਼ਤ ਦੇ ਸਾਹਵੇਂ ਤਾਂ ਝੰਡਾ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਲਹਿਰਾਇਆ ਗਿਆ, ਪਰ ਹਰਿਮੰਦਰ ਸਾਹਿਬ ਪਹਿਲਾ ਨਿਸ਼ਾਨ ਸਾਹਿਬ ਭੰਗੀ ਮਿਸਲ ਦੇ ਜਥੇਦਾਰ ਝੰਡਾ ਸਿੰਘ ਜੀ ਵਲੋਂ ਲਹਿਰਾਇਆ ਗਿਆ ਦੱਸੀਦਾ ਹੈ।

੧੭੭੫ ਵਿਚ ਉਦਾਸੀ ਸਾਧੂਆਂ ਬਾਵਾ ਸੰਤੋਖ ਦਾਸ ਤੇ ਬ੍ਰਾਵਾ ਪ੍ਰੀਤਮ ਦਾਸ ਨੇ ਝੰਡੇ ਬੁੰਗੇ ਵਾਲੇ ਸਥਾਨ ਤੇ ਦੋ ਨਿਸ਼ਾਨ ਸਾਹਿਬ—ਇਕ ਅਕਾਲ ਤਖਤ ਦਾ ਤੇ ਇਕ ਹਰਿਮੰਦਰ ਸਾਹਿਬ ਦਾ—ਕਾਇਮ ਕੀਤੇ। ੧੮੮੧ ਵਿਚ ਸਖ਼ਤ ਹਨੇਰੀ ਕਾਰਨ, ਇਹ ਦੋਵੇਂ ਝੰਡੇ ਡਿਗ ਪਏ। ਮਹਾਰਾਜਾ ਸ਼ੇਰ ਸਿੰਘ ਨੇ ਤਦ ਇਕ ਬੜਾ ਉੱਚਾ ਤੇ ਪੱਕਾ ਨਿਸ਼ਾਨ ਸਾਹਿਬ ਏਥੇ ਗਡਵਾਇਆ ਤੇ ਸ: ਦੇਸਾ ਸਿੰਘ ਮਜੀਠੀਏ ਨੇ ਕਰੀਬ ਉਸੇ ਉਚਾਈ ਦਾ ਇਕ ਹੋਰ ਨਿਸ਼ਾਨ ਸਾਹਿਬ ਨਾਲ ਗਡਵਾ ਦਿੱਤਾ।

ਜਦ ਪਰਿਕਰਮਾ ਚੌੜੀ ਕੀਤੀ ਗਈ, ਤਾਂ ਇਹਨਾਂ ਦੀ ਥਾਂ, ਕੁਝ ਕਰਮ ਪਿੱਛੇ ਹਟਾ ਕੇ ਮੁੜ ਇਹ ਦੋਵੇਂ ਨਿਸ਼ਾਨ ਸਾਹਿਬ ਅਸਥਾਪਨ ਕਰ ਦਿਤੇ ਗਏ।

ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੁਣ ਜੋ ਝੰਡਾ ਬੁੰਗਾ ਹੈ, ਉਥੇ ਇਹ ਦੋਵੇਂ ਨਿਸ਼ਾਨ ਸਾਹਿਬ ਇਕੋ

---

੧. ਅਰਥਾਤ : ਜਿਸ ਦਾ ਧੁਰ ਹਜ਼ੂਰੋਂ ਧੀਰਜ ਵਰਗਾ ਧੌਲਾ (ਚਿੱਟਾ) ਝੰਡਾ, (ਸੰਗਤ ਰੂਪ) ਬੈਕੁੰਠ ਦੇ ਪੁਲ ਉਪਰ ਝੂਲਦਾ ਹੈ।

੨. ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ। —ਰਾਮਕਲੀ ਵਾਰ ਰਾਇ ਬਲਵੰਡ (੯੬੬/੧੬)

੩. ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ। —ਸਵਈਏ : ੪, ਭੱਟ ਮਥਰਾ (੧੪੦੪/੬)

੪. ...ਧਰਮ ਧੁਜਾ ਅਰਜੁਨੁ ਹਰਿ ਭਗਤਾ। —ਸਵਈਏ : ੫, ਕਲ੍ਹ (੧੪੦੭/੧੬)

੫. ਗੁਰੂ ਗੋਬਿੰਦ ਜੀ ਆਪ ਨਿਸ਼ਾਨ ਸਾਹਿਬ ਦੀ ਪਰਿਕਰਮਾ ਕਰਿਆ ਕਰਦੇ ਸਨ। ਪੁਰਾਤਨ ਸਿੰਘ ਵੀ ਜਦੋਂ ਗੁਰਦੁਆਰੇ ਜਾਂਦੇ ਸਨ ਤਾਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰ ਕੇ ਮੱਥਾ ਟੇਕਦੇ ਸਨ, ਫਿਰ ਨਿਸ਼ਾਨ ਸਾਹਿਬ ਦੀ ਪਰਿਕਰਮਾ ਕਰ ਕੇ ਵੀ ਮੱਥਾ ਟੇਕਦੇ ਸਨ।

www.AKJ.Org

ਬੜੇ ਤੇ ਲਹਿਰਾਉਂਦੇ ਹਨ : ਇਕ ਮੀਰੀ ਦਾ, ਤੇ ਇਕ ਪੀਰੀ ਦਾ।[1] ਪਰ, ਦੋਵੇਂ ਆਪਸ ਵਿਚ ਬੱਝੇ ਹੋਏ ਹਨ

ਨਿਸ਼ਾਨ ਨਾਲ। ਇਸ ਨਿਸ਼ਾਨ ਵਿਚਲਾ ਚੱਕਰ 'ਬ੍ਰਹਮ ਚੱਕਰ' ਦਾ ਸੂਚਕ ਹੈ। ਸਾਰੇ ਬ੍ਰਹਿਮੰਡ ਦੀ ਸਾਂਝ ਦਾ ਇਹ ਸੰਕੇਤ ਦੇਂਦਾ ਹੈ। ਇਸ ਦੇ ਆਲੇ ਦੁਆਲੇ ਦੀਆਂ ਦੋ ਕਿਰਪਾਨਾਂ ਮੀਰੀ ਤੇ ਪੀਰੀ ਦੀਆਂ ਸੂਚਕ ਹਨ; ਤੇ ਵਿਚਲਾ ਖੰਡਾ, ਅਕਾਲ ਪੁਰਖ ਦੀ ਅਖੰਡ ਸ਼ਕਤੀ ਦਾ।

ਇਹ ਨਿਸ਼ਾਨ ਸਾਹਿਬ ਧਰਮ-ਜੁੱਧ ਲਈ ਸਾਡੀ ਤੱਤਪਰਤਾ ਦਾ ਚਿੰਨ੍ਹ ਵੀ ਬਣ ਗਿਆ। ਕਈ ਨਿਹੰਗ ਸਿੰਘ ਆਪਣੇ ਦੁਮਾਲੇ ਦੇ ਉਪਰਲੇ ਲੜ ਉਪਰ ਖੰਡੇ ਚੱਕਰ ਤੇ ਕਿਰਪਾਨਾਂ ਨਾਲ ਸਜਾ ਕੇ ਉਸ ਨੂੰ ਫੁਰਹਿਰਾ (ਨਿਸ਼ਾਨ ਸਾਹਿਬ) ਕਹਿੰਦੇ ਹਨ। ਆਪਣੀ ਚੜ੍ਹਦੀ ਕਲਾ ਵਿਚ ਉਹ ਇਹ ਕਹਿੰਦੇ ਹਨ ਕਿ ਜਿੱਤ ਦਾ ਫਰੇਰਾ ਸਦਾ ਉਹਨਾਂ ਦੇ ਸਿਰ ਤੇ ਝੂਲਦਾ ਹੈ।[2] ਮਿਸਲਾਂ ਵੇਲੇ ਵੀ ਫ਼ੌਜੀਆਂ ਦੀ ਦਸਤਾਰ ਉਪਰ ਫੁਰਹਿਰਾ ਸਜਾਉਣ ਦਾ ਦਸਤੂਰ ਸੀ। ਬਾਰਾਂ ਮਿਸਲਾਂ ਵਿਚੋਂ ਇਕ ਦਾ ਨਾਂ 'ਨਿਸ਼ਾਨ ਵਾਲੀ ਮਿਸਲ' ਸੀ, ਕਿਉਂਕਿ ਇਸ ਦੇ ਸਿਰਦਾਰ ਜੰਗ ਦੇ ਦੌਰਾਨ ਝੰਡਾ-ਬਰਦਾਰ ਹੋਂਦੇ ਸਨ।

ਇਹੋ ਝੰਡਾ ਸਾਡੇ ਗੁਰਧਾਮਾਂ ਉਪਰ ਵੀ ਝੂਲਦਾ ਹੈ। ਇਸ ਕੇਸਰੀ ਨਿਸ਼ਾਨ ਸਾਹਿਬ ਦੇ ਫਰੇਰੇ ਉਪਰ

ਇਕ ਪਾਸੇ ਦਾ ਨਿਸ਼ਾਨ, ਤੇ ਦੂਜੇ ਪਾਸੇ ੧ਓ ਗੂੜ੍ਹੇ ਨੀਲੇ ਰੰਗ ਵਿਚ ਅੰਕਿਆ ਜਾਂ ਜੜਿਆ ਹੁੰਦਾ ਹੈ।[3] ੧ਓ ਸਾਡੇ ਇਕੀਸ਼ਰਵਾਦ ਦਾ ਐਲਾਨ ਕਰਦਾ ਹੈ।

"ਹਰ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਝੂਲਣਾ ਜ਼ਰੂਰੀ ਹੈ। ਕੋਈ ਭੀ ਖ਼ਾਲਸਾ ਜਲੂਸ ਨਿਸ਼ਾਨ ਸਾਹਿਬ ਝੁਲਾਏ ਬਿਨਾ ਸੋਭਾ ਨਹੀਂ ਦੇਂਦਾ। ਹਰ ਇਕ ਨੂੰ ਨਿਸ਼ਾਨ ਹੇਠ ਚਲਣ ਦੀ ਆਗਿਆ ਹੈ। ਝੰਡਾ ਸਾਹਿਬ ਵੱਧ ਤੋਂ ਵੱਧ ਉੱਚਾ ਲਗਣਾ ਚਾਹੀਦਾ ਹੈ ਤਾਂ ਕਿ ਦੂਰੋਂ ਦਿੱਸੇ।"[4]

ਝੰਡਾ ਸਾਡੀ ਆਜ਼ਾਦ ਕੌਮੀ ਹਸਤੀ ਦਾ ਲਖਾਇਕ ਵੀ ਹੈ। ਇਸ ਨੂੰ ਸਲਾਮੀ ਦੇਣਾ ਪੰਥ ਦੀ ਆਜ਼ਾਦ ਹਸਤੀ ਨੂੰ ਸਲਾਮੀ ਦੇਣਾ ਹੈ। ਇਸ ਦਾ ਆਦਰ ਸਤਿਕਾਰ ਹਰੇਕ ਸਿਖ ਪ੍ਰਾਣੀ ਲਈ ਲਾਜ਼ਮੀ ਹੈ।

ਅਨੰਦਪੁਰ ਸਾਹਿਬ ਦੀ ਦੂਸਰੀ ਲੜਾਈ ਵਿਚ ਭਾਈ ਆਲਮ ਸਿੰਘ ਝੰਡਾ ਬਰਦਾਰ ਸਨ। ਉਹ ਬਹੁਤ ਅੱਗੇ ਲੰਘ ਗਏ ਤੇ ਦੁਸ਼ਮਨਾਂ ਦੇ ਘੇਰੇ ਵਿਚ ਆ ਗਏ। ਮੁਗ਼ਲ ਫ਼ੌਜਦਾਰ ਨੇ ਉਹਨਾਂ ਨੂੰ ਲਲਕਾਰਿਆ ਤੇ ਆਖਿਆ, "ਇਹ ਝੰਡਾ ਸੁੱਟ ਦੇ।" ਭਾਈ ਸਾਹਿਬ ਨੇ ਨਿਡਰਤਾ ਨਾਲ ਉੱਤਰ ਦਿੱਤਾ, "ਇਹ ਝੰਡਾ ਮੇਰੀ ਇੱਜ਼ਤ ਹੈ, ਮੈਂ ਇਸ ਨੂੰ ਕਦਾਚਿਤ ਸੁਟ ਨਹੀਂ ਸਕਦਾ।" ਤਦ ਫ਼ੌਜਦਾਰ ਕੜਕ ਕੇ ਬੋਲਿਆ,

"ਤੇਰੇ ਹੱਥ ਕੱਟ ਦਿੱਤੇ ਜਾਣਗੇ।"

"ਹੱਥ ਕੱਟੇ ਗਏ ਤਾਂ ਮੈਂ ਇਹ ਝੰਡਾ ਪੈਰਾਂ ਨਾਲ ਪਕੜ ਲਵਾਂਗਾ।"

"ਤੇਰੇ ਪੈਰ ਵੀ ਕੱਟ ਦਿੱਤੇ ਜਾਣਗੇ।"

"ਫਿਰ ਮੈਂ ਇਸ ਝੰਡੇ ਨੂੰ ਦੰਦਾਂ ਵਿਚ ਪਕੜ ਲਵਾਂਗਾ। ਇਹ ਮੇਰੇ ਗੁਰੂ ਦਾ ਝੰਡਾ ਹੈ, ਮੈਂ ਡਿੱਗਣ ਨਹੀਂ ਦਿਆਂਗਾ।"

---

੧. ਪੀਰੀ ਦਾ ਨਿਸ਼ਾਨ ਸਾਹਿਬ ਮੀਰੀ ਦੇ ਨਿਸ਼ਾਨ ਸਾਹਿਬ ਨਾਲੋਂ ਉੱਚਾ ਹੈ। ਇਹ ਇਸ ਗੱਲ ਦਾ ਸੰਕੇਤ ਦੇਂਦਾ ਹੈ ਕਿ ਭਾਵੇਂ ਸਿੱਖੀ ਦੇ ਘਰ ਮੀਰੀ ਤੇ ਪੀਰੀ ਇਕੱਠੇ ਹਨ, ਪਰ, ਪ੍ਰਾਥਮਿਕਤਾ ਪੀਰੀ ਦੀ ਹੈ। ਸ਼ਕਤੀ ਨੂੰ ਸਦਾ ਭਗਤੀ ਦੇ ਅਧੀਨ ਹੋ ਕੇ ਵਿਚਰਨਾ ਚਾਹੀਦਾ ਹੈ।

੨. ਬਾਬਾ ਸੁਮੇਰ ਸਿੰਘ ਰਚਿਤ ਗੁਰੂ ਪਦ ਪ੍ਰੇਮ ਪ੍ਰਕਾਸ਼ ਅਨੁਸਾਰ ਇਹ ਰੀਤ ਬਾਬਾ ਨੈਣਾ ਸਿੰਘ ਜੀ ਨੇ ਚਲਾਈ ਜਾਪਦੀ ਹੈ।

੩. ਫੁਰੇਰਾ ਤਿਕੋਨਾ ਹੁੰਦਾ ਹੈ। ਇਸ ਦੀਆਂ ਦੋ ਤਰਫ਼ਾਂ ਇਕੋ ਜੇਡੀਆਂ ਤੇ ਤੀਸਰੀ ਇਹਨਾਂ ਤੋਂ ੬:੫ ਦੀ ਨਿਸਬਤ ਨਾਲ ਛੋਟੀ ਹੁੰਦੀ ਹੈ।

੪. ਗਿਆਨੀ ਲਾਲ ਸਿੰਘ : ਸਿੱਖ ਕਾਨੂੰਨ।

www.AKJ.Org

"ਤੇਰਾ ਸਿਰ ਉਡਾ ਦਿੱਤਾ ਜਾਏਗਾ।"

"ਮੇਰਾ ਫ਼ਰਜ਼ ਤਾਂ ਓਦੋਂ ਤਕ ਹੈ ਜਦ ਤਕ ਸੁਆਸ ਚਲਦੇ ਹਨ। ਸਿਰ ਉਡਾ ਦਿਓਗੇ ਤਾਂ ਜਿਸ ਦਾ ਝੰਡਾ ਹੈ, ਆਪੇ ਸਾਂਭ ਲਵੇਗਾ।"

ਕਹਿੰਦੇ ਹਨ, ਫ਼ੌਜਦਾਰ ਇਸ ਉੱਤਰ ਨਾਲ ਇਤਨਾ ਤਿਲਮਿਲਾਇਆ ਕਿ ਝੰਡਾ-ਬਰਦਾਰ ਨੂੰ ਨਾ ਮਾਰਨ ਦੀ ਜੰਗੀ ਰਵਾਇਤ ਨੂੰ ਉਲੰਘ ਕੇ ਉਸ ਨੇ ਤਲਵਾਰ ਨਾਲ ਭਾਈ ਆਲਮ ਸਿੰਘ ਜੀ ਦਾ ਸੀਸ ਉਡਾ ਦਿੱਤਾ। ਕਹਿੰਦੇ ਹਨ, ਉਸ ਦੇ ਝੰਡੇ ਨੂੰ ਡਿਗਣ ਤੋਂ ਪਹਿਲਾਂ ਤੁਰਤ ਬਾਬਾ ਅਜੀਤ ਸਿੰਘ ਜੀ ਨੇ ਆ ਕੇ ਸੰਭਾਲ ਲਿਆ ਤੇ ਨਾਲ ਹੀ ਫ਼ੌਜਦਾਰ ਦਾ ਸਿਰ ਕਲਮ ਕਰ ਦਿੱਤਾ।

ਇਹ ਝੰਡੇ ਦੀ ਅਟੱਲਤਾ ਦੀ ਸਪਿਰਿਟ ਹੈ। ਸਤਿਗੁਰਾਂ ਦਾ ਨਿਸ਼ਾਨ ਸਾਹਿਬ, ਜੋ ਪੰਥ ਦੀ ਖ਼ੁਦਮੁਖਤਾਰ ਹਸਤੀ ਦਾ ਸੂਚਕ ਹੈ, ਕਦੇ ਨੀਵਾਂ ਨਾ ਹੋਵੇ, ਇਹੋ ਇਸ ਦੀ ਜੁਗੋ ਜੁਗ ਅਟੱਲਤਾ ਦਾ ਅਰਥ ਹੈ।

ਬੁੰਗੇ :

ਬੁੰਗਾ (ਫ਼ਾਰਸੀ ਬੁੰਗਾਹ) ਦਾ ਅਰਥ ਹੈ ਰਿਹਾਇਸ਼ੀ ਥਾਂ—ਇਮਾਰਤ; ਤੰਬੂ ਆਦਿ। ਇਸ ਦਾ ਗੌਣ ਅਰਥ ਹੈ ਇਦਾਰਾ ਜਾਂ ਸੰਸਥਾ। ਗੁਰਦੁਆਰਿਆਂ ਦੇ ਨਾਲ ਲਗਵੇਂ ਉਹ ਰਿਹਾਇਸ਼ੀ ਅਸਥਾਨ ਜਾਂ ਟਿਕਾਣੇ, ਜਿੱਥੇ ਕੌਮੀ ਰਵਾਇਤਾਂ ਦੀ ਬਰਕਰਾਰੀ ਲਈ ਸੰਸਥਾਵਾਂ ਕਾਇਮ ਕੀਤੀਆਂ ਗਈਆਂ, ਜਾਂ ਯਾਤ੍ਰੀਆਂ ਦੇ ਰਹਿਣ ਲਈ ਬੰਦੋਬਸਤ ਕੀਤਾ ਗਿਆ, ਸਿਖ ਸ਼ਬਦਾਵਲੀ ਵਿਚ ਬੁੰਗੇ ਅਖਵਾਏ।

ਸਿਖ ਸੰਪ੍ਰਦਾਵਾਂ ਤੇ ਸਿਖ ਰਵਾਇਤਾਂ ਦੇ ਕੇਂਦਰ, ਸ੍ਰੀ ਅੰਮ੍ਰਿਤਸਰ ਵਿਖੇ ਛੇ ਪ੍ਰਕਾਰ ਦੇ ਬੁੰਗੇ ਮਿਲਦੇ ਸਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

੧. ਗਿਆਨੀਆਂ ਦੇ ਬੁੰਗੇ[੧] :

ਇਹ ਬੁੰਗੇ ਗੁਰਬਾਣੀ ਦੇ ਅਧਿਅਨ ਦੇ ਬੁੰਗੇ ਸਨ। ਇਥੇ ਗੁਰਮੁਖੀ ਅੱਖਰਾਂ ਦਾ ਬੋਧ ਕਰਾਇਆ ਜਾਂਦਾ; ਗੁਰਬਾਣੀ ਦਾ ਪਾਠ ਸਿਖਾਇਆ ਤੇ ਸ਼ੁਧ ਕਰਵਾਇਆ ਜਾਂਦਾ; ਰਹਾਓ ਨਾਲ ਹੁਕਮਨਾਮਾ ਲੈਣਾ ਸਿਖਾਇਆ ਜਾਂਦਾ, ਗੁਰਬਾਣੀ ਦਾ ਅਰਥ-ਬੋਧ ਕਰਵਾਇਆ ਜਾਂਦਾ ਤੇ ਸ਼ਬਦ ਦਾ ਰਹੱਸ ਖੋਲ੍ਹ ਕੇ ਦਰਸਾਇਆ ਜਾਂਦਾ।

ਇਹਨਾਂ ਬੁੰਗਿਆਂ ਵਿਚ ਗ੍ਰੰਥੀ ਸਾਹਿਬਾਂ ਦੀ ਸਿਖਲਾਈ ਹੁੰਦੀ; ਤਾਂ ਜੁ ਉਹ ਵਿਦਵਤਾ ਵਾਲੇ ਤੇ ਸੁੱਚੇ ਆਚਰਨ ਵਾਲੇ ਮਨੁੱਖ ਹੋਣ ਤੇ ਗੁਰੂ ਸਾਹਿਬ ਦਾ ਵਜ਼ੀਰ ਹੋਣ ਦੇ ਫ਼ਰਜ਼ ਯੋਗਤਾ ਤੇ ਗੰਭੀਰਤਾ ਨਾਲ ਨਿਭਾ ਸਕਣ। ਛਾਪਾਖ਼ਾਨਾ ਚਲਣ ਤੋਂ ਪਹਿਲਾਂ ਇਨ੍ਹਾਂ ਬੁੰਗਿਆਂ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖਣ ਲਈ ਖ਼ੁਸ਼ਨਵੀਸੀ ਦੀ ਸਿਖਲਾਈ ਵੀ ਹੁੰਦੀ ਸੀ।

੨ ਰਾਗੀਆਂ ਦੇ ਬੁੰਗੇ[੨] :

ਇਹਨਾਂ ਬੁੰਗਿਆਂ ਵਿਚ ਕੀਰਤਨ ਸਿਖਾਇਆ ਜਾਂਦਾ ਸੀ। ਗੁਰਮਤਿ ਰਾਗਾਂ ਦਾ ਗਿਆਨ; ਪੁਰਾਣੀਆਂ ਰੀਤਾਂ ਦੀ ਸੰਭਾਲ; ਗੁਰ-ਆਦੇਸ਼ਾਂ ਅਨੁਸਾਰ ਕੀਰਤਨ ਦੀ ਗਾਇਕੀ ਆਦਿ ਇਹਨਾਂ ਬੁੰਗਿਆਂ ਦਾ ਕਿਰਦਾਰ ਸੀ ਕੀਰਤਨ ਦੀ ਪਰੰਪਰਾ ਨੂੰ ਸਾਂਭਣਾ, ਇਸ ਦਾ ਵਿਗਾਸ ਕਰਨਾ ਤੇ ਅੱਗੇ ਚਲਾਉਣਾ ਇਹਨਾਂ ਬੁੰਗਿਆਂ ਦਾ ਯੋਗਦਾਨ ਸੀ। ਮਹਾਰਾਜਾ ਕਪੂਰਥਲਾ ਆਹਲੂਵਾਲੀਆ ਬੁੰਗੇ ਦੇ ਸਰਪ੍ਰਸਤ ਸਨ। ਰਾਜਾ ਫਤੇ ਸਿੰਘ ਆਪ ਰਾਗਦਾਰੀ ਦੇ ਮਾਹਰ ਸਨ। ਇਸ ਬੁੰਗੇ ਵਿਚ ਕੀਰਤਨ ਤੋਂ ਇਲਾਵਾ ਰਬਾਬ, ਸਾਰੰਗੀ, ਮ੍ਰਿਦੰਗ ਆਦਿਕ ਸਾਜ਼ ਵੀ ਸਿਖਲਾਏ ਜਾਂਦੇ ਸਨ।

---

੧. ਇਹਨਾਂ ਵਿਚ ਭਾ: ਗੁਰਦਾਸ ਜੀ ਦਾ, ਭਾ: ਰਾਮ ਸਿੰਘ ਜੀ ਦਾ, ਭਾ: ਜੋਗਾ ਸਿੰਘ ਜੀ ਦਾ, ਭਾ: ਜੱਸਾ ਸਿੰਘ ਜੀ ਦਾ, ਭਾ: ਕਾਹਨ ਸਿੰਘ ਜੀ ਦਾ, ਭਾ: ਅਭੈ ਸਿੰਘ ਆਦਿ ਦੇ ਬੁੰਗੇ ਸ਼ਾਮਲ ਹਨ। ਬੁੰਗਾ ਭਾਈ ਸਾਹਿਬਾਨ ਕੈਂਥਲ ਵੀ ਇਹਨਾਂ ਵਿਚ ਹੀ ਗਿਣਿਆ ਜਾਂਦਾ ਹੈ।

੨. ਇਹਨਾਂ ਵਿਚ ਬੁੰਗਾ ਕਾਹਨ ਸਿੰਘ, ਬੁੰਗਾ ਚੜ੍ਹਤ ਸਿੰਘ, ਬੁੰਗਾ ਧਨਪਤ ਸਿੰਘ, ਬੁੰਗਾ ਅਮਰ ਸਿੰਘ, ਬੁੰਗਾ ਹੀਰਾ ਸਿੰਘ ਆਦਿ ਸ਼ਾਮਲ ਸਨ। ਆਹਲੂਵਾਲੀਆ ਦਾ ਬੁੰਗਾ ਰਾਗ ਦੀ ਅਕੈਡਮੀ ਸੀ।

www.AKJ.Org

੩. ਅਕਾਲੀਆਂ ਦੇ ਬੁੰਗੇ[1] :

ਇਹਨਾਂ ਬੁੰਗਿਆਂ ਵਿਚ ਸ਼ਸਤ੍ਰ ਅਸਤ ਦੀ ਸਿਖਲਾਈ ਤੇ ਅਭਿਆਸ ਕਰਵਾਇਆ ਜਾਂਦਾ ਤੇ ਫ਼ੌਜੀ ਸਿਖਲਾਈ ਦਿੱਤੀ ਜਾਂਦੀ ਸੀ। ਇਹ ਸਿੰਘਾਂ ਨੂੰ ਤਿਆਰ-ਬਰ-ਤਿਆਰ ਕਰਨ ਦੀਆਂ ਸੰਸਥਾਵਾਂ ਸਨ। ਨਿਹੰਗਾਂ ਨੂੰ ਵੀ ਅਕਾਲੀ ਕਿਹਾ ਜਾਂਦਾ ਸੀ; ਤੇ ਛਾਉਣੀ ਨਿਹੰਗਾਂ ਨੂੰ ਵੀ ਇਹਨਾਂ ਬੁੰਗਿਆਂ ਵਿਚ ਗਿਣਿਆ ਜਾਂਦਾ ਸੀ।

੪. ਸੰਪ੍ਰਦਾਈ ਬੁੰਗੇ[2] :

ਇਹ ਬੁੰਗੇ ਉਦਾਸੀ; ਨਿਰਮਲੇ ਆਦਿ ਸੰਪ੍ਰਦਾਵਾਂ ਨੇ ਸਥਾਪਿਤ ਕੀਤੇ ਤੇ ਇਥੇ ਇਹਨਾਂ ਸੰਪ੍ਰਦਾਵਾਂ ਦੇ ਆਤਮਕ ਅਖਾੜੇ ਚਲਦੇ ਸਨ।

੫. ਸ਼ਰਦਾਰਾਂ ਦੇ ਬੁੰਗੇ[3] :

ਇਹ ਬੁੰਗੇ ਮਿਸਲਾਂ ਦੇ ਮੁਖੀਆਂ ਤੇ ਹੋਰ ਉੱਘੇ ਸਿਰਦਾਰਾਂ ਨੇ ਬਣਵਾਏ। ਇਹਨਾਂ ਵਿਚ ਉਹਨਾਂ ਦੇ ਇਲਾਕੇ ਦੀਆਂ ਸੰਗਤਾਂ ਆ ਕੇ ਟਿਕਾਣਾ ਕਰਦੀਆਂ ਸਨ।

੬. ਧਰਮ ਬੁੰਗੇ :

ਇਹਨਾਂ ਵਿਚ ਅਕਾਲ ਬੁੰਗਾ, ਝੰਡਾ ਬੁੰਗਾ, ਕੋਠੜੀ ਸਾਹਿਬ, ਬੁੰਗਾ ਦੁਖ ਭੰਜਨ ਸਾਹਿਬ ਸ਼ਾਮਿਲ ਹਨ।

ਰਿਪੋਰਟ ਸ੍ਰੀ ਦਰਬਾਰ ਸਾਹਿਬ ਵਿਚ ੯੪ ਮੌਲਕ ਬੁੰਗਿਆਂ ਦਾ ਜ਼ਿਕਰ ਹੈ। ਪਰ, ਪਿਛੋਂ, ਜਾਪਦਾ ਹੈ, ਕਈ ਛੋਟੇ ਬੁੰਗੇ ਵੱਡੇ ਬੁੰਗਿਆਂ ਵਿਚ ਹੀ ਸਮਾ ਗਏ। ਇਹਨਾਂ ਬੁੰਗਿਆਂ ਵਿਚੋਂ ਬਹੁਤੇ ੧੭੬੫ ਤੇ ੧੮੩੩ ਦੇ ਵਿਚਾਲੇ ਹੀ ਸਥਾਪਿਤ ਕੀਤੇ ਗਏ। ਕੁਝ ਕੁ ਬੁੰਗੇ ਛੇਤੀ ਹੀ ਢੱਠ ਗਏ। ਅਖਾੜਾ ਬ੍ਰਹਮ ਬੂਟਾ ਨੂੰ ਛੱਡ ਕੇ, ਬਚੇ ਹੋਏ ਬਾਕੀ ਦੇ ਬੁੰਗਿਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖ਼ਰੀਦ ਲਿਆ ਤਾਂ ਜੁ ਦਰਬਾਰ ਸਾਹਿਬ ਦੇ ਸਰੋਵਰ ਦੀ ਪਰਿਕਰਮਾ ਚੌੜੀ ਹੋ ਸਕੇ। ਇਹਨਾਂ ਬੁੰਗਿਆਂ ਵਿਚਲੇ ਕਾਰਜ ਨੂੰ ਸੰਭਾਲਣ ਦਾ; ਪਰ ਕੋਈ ਇੰਤਜ਼ਾਮ ਨਾ ਕੀਤਾ ਗਿਆ।

ਇਹਨਾਂ ਬੁੰਗਿਆਂ ਦੀ ਸਾਹਿੱਤਕ, ਸਭਿਆਚਾਰਕ ਤੇ ਵਿਦਿਅਕ ਦੇਣ ਬੜੀ ਵੱਡੀ ਹੈ। ਸੋਹਲਾਂ ਵਾਲੇ ਬੁੰਗੇ ਦੇ ਸੰਤ ਨਿਰਮਲੇ ਨੇ ਜੋ ਆਪ ਪ੍ਰਸਿੱਧ ਕਵੀ ਸਨ, 'ਭਵ ਸਾਗਰ ਸੇਤੂ' (ਜਪੁ ਜੀ ਸਾਹਿਬ ਤੇ ਪ੍ਰਵਚਨ) ਤੇ 'ਸੁਧਾਸਰ ਸ਼ੋਧਕ ਪਚੀਸਾ' (ਦਰਬਾਰ ਸਾਹਿਬ ਬਾਰੇ) ਪੁਸਤਕਾਂ ਸੰਕਲਿਤ ਕੀਤੀਆਂ। ਉਹਨਾਂ ਦੇ ਚਾਟੜੇ ਨੇ (ਜਿਸ ਦਾ ਨਾਮ ਵੀ ਨਿਹਾਲ ਸਿੰਘ ਹੀ ਸੀ) 'ਅਪਰੋਖ ਅਨੁਭਵ ਪ੍ਰਕਾਸ਼' ਬਿਬੇਕ ਦੀ ਰਚਨਾ ਕੀਤੀ। ਬੁੰਗਾ ਗਿਆਨੀਆਂ (ਕਟੜਾ ਨਿਹਾਲ ਸਿੰਘ) ਦੇ ਭਾਈ ਸੰਤ ਸਿੰਘ ਜੀ ਬੜੇ ਉੱਘੇ ਵਿਦਵਾਨ ਹੋਏ, ਜਿਨ੍ਹਾਂ ਦੀ ਵਿਦਵਤਾ ਦੇ ਮਹਾਰਾਜਾ ਰਣਜੀਤ ਸਿੰਘ ਆਪ ਬੜੇ ਕਾਇਲ ਸਨ। ਅਕਾਲ ਬੁੰਗੇ ਦੇ ਭਾਈ ਗੁਰਮੁਖ ਸਿੰਘ (ਪਹਿਲੇ) ਨੇ ਛੇਵੀਂ ਪਾਤਸ਼ਾਹੀ ਦਾ ਗੁਰ-ਇਤਿਹਾਸ ਰਚਿਆ। ਘੜਿਆਲ ਵਾਲੇ ਬੁੰਗੇ ਦੇ ਭਾਈ ਸੰਤੋਖ ਸਿੰਘ ਨੇ 'ਗੁਰੂ ਕਵਿਤਜ ਮਾਣਕਜ ਮਜੂਸ਼ਾ' ਦੀ ਰਚਨਾ ਕੀਤੀ। ਸ਼ਹੀਦ ਬੁੰਗੇ ਦਾ ਭਾਈ ਬੁੱਧ ਸਿੰਘ, ਮ: ਰਣਜੀਤ ਸਿੰਘ ਦੇ ਦਰਬਾਰ ਦਾ ਰਾਜ-ਕਵੀ ਸੀ। ਸਿੰਘ ਪੁਰੀ ਮਿਸਲ ਦੇ ਬੁੰਗਾ ਸ਼ਿਆਮ ਸਿੰਘ ਦੇ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਦੀ *

---

੧. ਇਹਨਾਂ ਵਿਚ ਬੁੰਗਾ ਅਟਾਰੀ ਵਾਲਾ, ਬੁੰਗਾ ਬਾਬਾ ਦੀਪ ਸਿੰਘ ਸ਼ਹੀਦ, ਬੁੰਗਾ ਬਾਬਾ ਗੁਰਬਖਸ਼ ਸਿੰਘ, ਬੁੰਗਾ ਬਾਬਾ ਦੇਵਾ ਸਿੰਘ ਸ਼ਹੀਦ, ਬੁੰਗਾ ਬਾਬਾ ਭਾਗ ਸਿੰਘ, ਬੁੰਗਾ ਮੀਰਾਂ ਕੋਟੀਆ, ਬੁੰਗਾ ਜੱਸਾ ਸਿੰਘ, ਬੁੰਗਾ ਆਹਲੂਵਾਲੀਆ ਆਦਿ ਸ਼ਾਮਲ ਹਨ।

੨. ਇਹਨਾਂ ਵਿਚ ਅਖਾੜਾ ਬ੍ਰਹਮ ਬੂਟਾ (ਉਦਾਸੀਆਂ ਦਾ), ਬੁੰਗਾ ਸਾਧਾਂ (ਨਿਰਮਲਿਆਂ ਦਾ), ਬੁੰਗਾ ਹਜ਼ੂਰਾ ਸਿੰਘ, ਸੋਹਲਾਂ ਵਾਲਾ ਬੁੰਗਾ ਆਦਿ ਸ਼ਾਮਲ ਹਨ।

੩. ਇਹਨਾਂ ਵਿਚ ਬੁੰਗਾ ਆਹਲੂਵਾਲੀਆ, ਬੁੰਗਾ ਰਾਮਗੜ੍ਹੀਆ, ਬੁੰਗਾ ਭੰਗੀਆਂ, ਬੁੰਗਾ ਮਜੀਠੀਆਂ, ਬੁੰਗਾ ਕੇਸਗੜ੍ਹੀਆਂ, ਬੁੰਗਾ ਸਿੰਘਪੁਰੀਆਂ, ਬੁੰਗਾ ਕਨ੍ਹਈਆ, ਬੁੰਗਾ ਮ: ਰਣਜੀਤ ਸਿੰਘ, ਬੁੰਗਾ ਮ: ਸ਼ੇਰ ਸਿੰਘ, ਬੁੰਗਾ ਕਪੂਰਥਲਾ ਆਦਿ ਸ਼ਾਮਲ ਸਨ।

www.AKJ.Org

ਗੁਰੂ ਦਾਤਾਰ ਦਾ ਦਰਬਾਰ

[ਸ: ਸੰਤਾ ਸਿੰਘ ਜੀ ਆਜ਼ਿਜ਼, ਲੁਧਿਆਣਾ]

ਸਜ ਰਿਹਾ ਦਰਬਾਰ ਗੁਰ ਦਾਤਾਰ ਦਾ।
ਕਰ ਰਿਹਾ ਕਲਿਆਣ ਕੁੱਲ ਸੰਸਾਰ ਦਾ।

ਸਜ ਰਹੀ ਦੇਹ ਸ਼ਹਿਨਸ਼ਾਹੇ ਹਜ਼ੂਰ ਦੀ।
ਕਿਰਨ ਪਸਰੀ ਹੈ, ਅਰਸ਼ ਦੇ ਨੂਰ ਦੀ।

ਅਰਸ਼ੀ ਗੁਰਬਾਣੀ ਦਾ ਕੀਰਤਨ ਹੋ ਰਿਹਾ।
ਪ੍ਰੇਮੀ ਗੁਰਸਿੱਖਾਂ ਦੇ ਮਨ ਨੂੰ ਮੋਹ ਰਿਹਾ।

ਹਾਜ਼ਰੀ ਕਿਉਂਕਰ ਭਰਾਂ ਦਰਬਾਰ ਦੀ?
ਜ਼ਿੰਦਗੀ ਦਾਗੀ ਘਣੀ ਬਦਕਾਰ ਦੀ।

ਘੇਰਿਆ ਪੰਜ ਦੁਸ਼ਟਾਂ ਇਸ ਨਾਦਾਨ ਨੂੰ।
ਲੁੱਟ ਰਹੇ ਡਾਕੂ ਹਰ ਇਨਸਾਨ ਨੂੰ।

ਤੇਰੇ ਚਰਨਾਂ ਦੀ ਜੋ ਧੂੜੀ ਲੋੜਦਾ।
ਉਹ ਇਹਨਾਂ ਠੱਗਾਂ ਦਾ ਘੇਰਾ ਤੋੜਦਾ।

ਤਰਸ ਕਰ, ਸੁਣ ਅਰਜ਼, ਅਵਗੁਣਹਾਰ ਦੀ।
ਭਰ ਸਕਾਂ ਮੈਂ ਹਾਜ਼ਰੀ ਦਰਬਾਰ ਦੀ।

ਸਿਦਕ, ਸ਼ਕਤੀ ਬਖਸ਼ ਬਣ ਜਾਵਾਂ ਤੇਰਾ।
ਪ੍ਰੇਮ ਭਗਤੀ ਬਖਸ਼ ਗੁਣ ਗਾਵਾਂ ਤੇਰਾ।

ਅੰਧ ਤੇ ਅਗਿਆਨ ਦਾ ਤੂੰ ਨਾਸ਼ ਕਰ।
ਮੁਕਤ ਹੋਵਾਂ ਗਿਆਨ ਦਾ ਪ੍ਰਕਾਸ਼ ਕਰ।

ਤੇਰੇ ਦਰ ਤੇ ਸਭ ਬਲਾਵਾਂ ਟਲਦੀਆਂ।
ਮਨ ਮੰਦਰ ਵਿਚ ਬੁਝੀਆਂ ਜੋਤਾਂ ਜਲਦੀਆਂ।

ਸੇਵਾ ਪਰਉਪਕਾਰ, ਸਿਮਰਨ ਦਾਨ ਕਰ।
ਜਨਮ ਸਫਲਾ ਹੋ ਮੇਰਾ, ਕਲਿਆਨ ਕਰ।

ਘਿਰਿਆ ਵਿਚ ਮੰਝਧਾਰ, ਸਾਰ ਲੈ।
ਡੁੱਬ ਰਹੇ 'ਆਜ਼ਿਜ਼' ਨੂੰ ਸਤਿਗੁਰ ਤਾਰ ਲੈ।

---

* ਰਚਨਾ ਕੀਤੀ। ਗੁਰ ਪ੍ਰਤਾਪ ਸੂਰਜ ਦੇ ਕਰਤਾ ਮਹਾਕਵੀ ਭਾਈ ਸੰਤੋਖ ਸਿੰਘ ਜੀ ਗਿਆਨੀਆਂ ਦੇ ਬੁੰਗੇ ਦੀ ਦੇਣ ਸਨ। ਨਿਰਮਲੇ ਸੰਤ ਵੇਦਾਂਤ, ਧਰਮ ਸ਼ਾਸਤ੍ਰ ਤੇ ਕਾਵਿ ਸ਼ਾਸਤ੍ਰ ਦੇ ਵਿਦਵਾਨ ਸਨ। ਇਸੇ ਤਰ੍ਹਾਂ ਉਦਾਸੀ ਮਹੰਤਾਂ ਨੇ ਵੀ ਪਾਠਸ਼ਾਲਾਵਾਂ ਚਲਾਈਆਂ ਤੇ ਵੇਦਾਂਤ, ਵਿਆਕਰਣ, ਪਿੰਗਲ ਆਦਿ ਦੀ ਵਿਦਿਆ ਦੇ ਕੇਂਦਰ ਸਥਾਪਿਤ ਕੀਤੇ। ਕਪੂਰਥਲੇ ਦੇ ਬੁੰਗੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਦੀ ਯੋਜਨਾ ਬਣਾਈ ਗਈ, ਜਿਸ ਦੇ ਫਲ-ਸਰੂਪ 'ਫ਼ਰੀਦਕੋਟ ਵਾਲਾ ਟੀਕਾ' ਹੋਂਦ ਵਿਚ ਆਇਆ। ਬੁੰਗਾ ਵਸਤੀ ਰਾਮ ਦੇ ਭਾਈ ਰਾਮ ਸਿੰਘ ਕੰਵਰ ਖੜਗ ਸਿੰਘ ਦੇ ਅਧਿਆਪਕ ਸਨ। ਜਲ੍ਹਿਆਂ ਵਾਲੇ ਬੁੰਗੇ, ਤੇ ਵਸਤੀ ਰਾਮ ਦੇ ਉਦਾਸੀ ਬੁੰਗੇ ਵਿਚ ਫੈਦਾਚਾਤੀਆਂ ਰੋਗੀਆਂ ਦਾ ਇਲਾਜ-ਮੁਆਲਜਾ ਕਰਦੇ ਸਨ, ਤੇ ਵੈਦਗੀ ਦੀ ਸਿਖਲਾਈ ਵੀ ਕਰਾਉਂਦੇ ਸਨ।੧

ਹਰੇਕ ਬੁੰਗੇ ਦੀ ਆਪਣੀ ਪਰੰਪਰਾ ਸੀ ਤੇ ਸਿਖਲਾਈ ਸੰਪ੍ਰਦਾਈ ਤਰੀਕਿਆਂ ਨਾਲ ਕੀਤੀ ਜਾਂਦੀ ਸੀ। ਕਿਸੇ ਪਾਸੋਂ ਕੋਈ ਫ਼ੀਸ ਨਹੀਂ ਸੀ ਲਈ ਜਾਂਦੀ। ਸਗੋਂ ਸਿਖਿਆਰਥੀਆਂ ਦੀ ਰਿਹਾਇਸ਼ ਤੇ ਲੰਗਰ ਆਦਿ ਦਾ ਮੁਫਤ ਪ੍ਰਬੰਧ ਕੀਤਾ ਜਾਂਦਾ ਸੀ। ਦਾਖ਼ਲਾ ਬਿਨਾ ਕਿਸੇ ਵਿਤਕਰੇ ਦੇ ਹਰ ਕਿਸੇ ਲਈ ਖੁਲ੍ਹਾ ਹੁੰਦਾ ਸੀ।

ਇਉਂ ਇਹ ਬੁੰਗੇ ਸਿਖ ਰਿਵਾਇਤਾਂ ਦੇ ਸੰਪ੍ਰਦਾਈ ਨਿਗਾਹਬਾਨ ਸਨ। ਇਸੇ ਸੇਵਾ ਸਦਕਾ ਅਰਦਾਸ ਵਿਚ ਬੁੰਗਿਆਂ ਦੀ ਅਟੱਲਤਾ ਮੰਗੀ ਜਾਂਦੀ ਹੈ। ਬੁੰਗਿਆਂ ਦੀ ਅਟੱਲਤਾ ਮੰਗਣ ਦਾ ਅਰਥ ਵਿਦਵਤਾ ਦੇ ਸੋਮਿਆਂ ਦੀ ਅਟੱਲਤਾ ਦੀ ਯਾਚਨਾ ਕਰਨਾ ਹੈ।

---

੧. ਉਪਰੋਕਤ ਪੈਰੇ ਵਿਚਲੇ ਵੇਰਵੇ ਪ੍ਰੋ: ਮਦਨਜੀਤ ਕੌਰ ਦੀ ਪੁਸਤਕ 'ਦੀ ਗੋਲਡਨ ਟੈਂਪਲ—ਪਾਸਟ ਐਂਡ ਪ੍ਰੈਜ਼ੈਂਟ' (ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਵਿਚੋਂ ਲਏ ਹਨ।

www.AKJ.Org

ਸੋਨੇ ਦੀ ਚਿੜੀ—ਭਾ: ਸਾ: ਰਣਧੀਰ ਸਿੰਘ ਜੀ

[ਭਾਈ ਜੋਧ ਸਿੰਘ ਜੀ, ਦਿੱਲੀ ੮੪]

ਸ਼ਖਸੀਅਤ ਅਤੇ ਆਤਮਿਕ ਅਵਸਥਾ— [ਪਿਛੇ ਤੋਂ ਅਗੇ]

ਦਾਸਰੇ ਨੇ ਕੁੱਲ ਬਾਰਾਂ ਕੁ ਸਾਲ ਉਨ੍ਹਾਂ ਦੀ ਮਹਾਨ ਉੱਚੀ ਸਤਸੰਗਤ ਦੇ ਰੰਗ ਮਾਣੇ, ਪਰ ਜਿਨ੍ਹਾਂ ਨੇ ਸਾਰੀ ਸਾਰੀ ਉਮਰ ਹੀ ਇਸ ਸੱਚੀ ਸੁੱਚੀ ਸਤਸੰਗਤ ਦੇ ਚਲੂਲੇ ਰੰਗ ਮਾਣੇ, ਉਹ ਤਾਂ ਉਨ੍ਹਾਂ ਦੀ ਬਿਸਮਾਦੀ ਦਸ਼ਾ ਨੂੰ ਪੇਖ ਪੇਖ ਕੇ ਅਚੰਭਤ ਹੁੰਦੇ ਰਹੇ, ਜਿਵੇਂ ਬਾਬਾ ਸੁਰਜਨ ਸਿੰਘ ਜੀ, ਜੋ ਬਚਪਨ ਤੋਂ ਅੰਤੀ ਅਉਸਰ ਤਾਈਂ ਇਹ ਰੰਗ ਮਾਣਦੇ ਰਹੇ, ਜੇਲ੍ਹਾਂ ਵਿਚ ਜਾ ਕੇ ਵੀ ਦਰਸ਼ਨ ਪਰਸਦੇ ਰਹੇ, ਮਾਤਾ ਕਰਤਾਰ ਕੌਰ ਜੀ ਨੂੰ ਭੀ ਭਾਈ ਸਾਹਿਬ ਜੀ ਨਾਲ ਮੁਲਾਕਾਤ ਪੰਜਾਂ ਸਾਲਾਂ ਬਾਅਦ ਕਰਵਾਈ। ਉਹ ਭੀ ਬਾਰ-ਬਾਰ ਇਹੋ ਹੀ ਕਹਿੰਦੇ ਹੁੰਦੇ ਸਨ, "ਭਾਈ! ਭਾਈ ਸਾਹਿਬ ਜੀ ਦੀ ਕਮਾਈ ਦਾ ਕੋਈ ਅੰਤ ਨਹੀਂ ਪਾ ਸਕਦਾ, ਕਿਉਂਕਿ ਇਸ ਜਨਮ ਦੀ ਕਮਾਈ ਜੋ ਕੀਤੀ ਹੈ ਉਸਦਾ ਤਾਂ ਥੋੜਾ ਬਹੁਤ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ, ਪਰ ਜੋ ਕਮਾਈ ਉਨ੍ਹਾਂ ਪੂਰਬਲੇ ਸੰਜੋਗਾਂ ਵਿਚੋਂ ਕੀਤੀ ਹੋਣੀ ਹੈ, ਉਸ ਦੀ ਉਨ੍ਹਾਂ ਨੂੰ ਤਾਂ ਜ਼ਰੂਰ ਖਬਰ ਹੈ, ਪਰ ਸਾਨੂੰ ਤਾਂ ਕੁਝ ਨਹੀਂ ਪਤਾ। ਬਾਬਾ ਸੁਰਜਨ ਸਿੰਘ ਜੀ ਬੜੀ ਉੱਚੀ ਅਵਸਥਾ ਵਾਲੇ ਸਿਦਕੀ ਸਿੰਘ ਸਨ ਅਤੇ ਦਾਸਰੇ ਦੇ ਸਿਰ ਤੇ ਹੱਥ ਰਖਦੇ ਰਹੇ। ੧੯੪੯ ਤੋਂ ੧੯੭੨ ਤਾਈਂ ਕੁਝ ਨਾ ਕੁਝ ਸਮਾਂ ਸ਼ਿਮਲੇ ਜਾਂ ਦਿੱਲੀ ਦਾਸਰੇ ਨਾਲ ਹੀ ਰਹਿੰਦੇ ਰਹੇ। ਬਹੁਤ ਗੁਰਮੁਖਾਂ ਨੂੰ ਖ਼ਬਰ ਹੈ ਕਿ ਕਿਸ ਤਰ੍ਹਾਂ ਕੀਰਤਨ ਸੁਣਦਿਆਂ ਨੂੰ ਕਲਾ ਵਰਤਦੀ ਸੀ ਕਿ ਉਹ ਪੰਛੀ ਦੀ ਤਰ੍ਹਾਂ ਪੰਜ ਛੇ ਫੁੱਟ ਉੱਚੀ ਉਡਾਰੀ ਮਾਰ ਕੇ ਕੀਰਤਨੀਆਂ ਦਾ ਵਾਜਾ ਸੰਭਾਲ ਲੈਂਦੇ ਅਤੇ ਲੇਟ ਪੋਟ ਹੋ ਕੇ ਐਸਾ ਕੀਰਤਨ ਕਰਦੇ ਜੋ ਦੂਜਿਆਂ ਨੂੰ ਲੋਟ ਪੋਟ ਕਰ ਦਿੰਦੇ ਸਨ। ਐਸੀ ਅਵਸਥਾ ਦੇ ਮਾਲਕ ਅਤੇ ਬਚਪਨ ਤੋਂ ਲੈ ਕੇ ਇਕੱਠੇ ਰਹਿੰਦੇ ਹੋਏ ਨਾਮ-ਕਮਾਈਆਂ ਕਰਨਹਾਰੇ ਭੀ ਭਾਈ ਸਾਹਿਬ ਜੀ ਦੀ ਆਤਮਿਕ ਅਵਸਥਾ ਦਾ ਅੰਦਾਜ਼ਾ ਨਹੀਂ ਲਗਾ ਸਕੇ। ਪਰ ਫੇਰ ਭੀ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ "ਤਾਣ ਹੋਂਦੇ ਹੋਇ ਨਿਤਾਣਾ" ਹੀ ਹੋਇਕੇ ਸਾਰੀ ਆਯੂ ਦਰਸਾਇਆ ਕਿ ਅਸੀਂ ਸਭ ਗੁਰ-ਭਾਈ ਹਾਂ। ਪੂਰਬ ਸੰਜੋਗੀ ਸੁਮਿਤ੍ਰ ਬਾਬੂ ਮੱਲ ਸਿੰਘ ਜੀ ਬੜੀ ਉਚੀ ਕਮਾਈ ਵਾਲੇ ਸਨ, (ਸੰਤ) ਭਾਈ ਜਵਾਲਾ ਸਿੰਘ ਜੀ, ਜਿਨ੍ਹਾਂ ਨੂੰ ਆਪਣੇ ਵਲੋਂ ਸੰਗਤ ਦਾ ਹੁਕਮ ਮੰਨ ਕੇ 'ਮਹੰਤ ਜੀ' ਦੀ ਸੇਵਾ ਲਈ ਭੇਜਿਆ, ਬਚਪਨ ਤੋਂ ਨਾਮ-ਕਮਾਈਆਂ ਦ ਸਾਂਝੀਵਾਲ ਭਾਈ ਦਲੀਪ ਸਿੰਘ ਜੀ (ਮਾਸਟਰ ਜੀ) ਉਚੀ ਕਰਣੀ ਵਾਲੇ ਗੁਰਸਿਖ ਸਨ, ਇਹ ਸਭ ਉਨ੍ਹਾਂ ਦੇ ਅਤਿ ਨੇੜੇ ਦੇ ਸਤਸੰਗੀ ਭੀ ਇਹੀ ਕਹਿੰਦੇ ਸਨ ਕਿ ਭਾਈ ਸਾਹਿਬ ਜੀ ਵਰਗਾ ਹੋਰ ਕੌਣ ਹੋ ਸਕਦਾ ਹੈ?

ਸੰਤ ਬਾਬਾ ਗੁਰਬਖਸ਼ ਸਿੰਘ ਜੀ ਸ਼ਿਮਲੇ ਵਾਲੇ, ਬੜੀ ਉਚੀ ਆਤਮਿਕ ਅਵਸਥਾ ਵਾਲੇ ਸਨ, ਉਹ ਭੀ ਇਹੀ ਕਹਿੰਦੇ ਹੁੰਦੇ ਸਨ "ਭਾਈ! ਬਾਬਿਆਂ ਸਮਾਨ ਇਸ ਵੇਲੇ ਸੰਸਾਰ ਵਿਚ ਕੋਈ ਨਹੀਂ"। (ਭਾਈ ਸਾਹਿਬ ਜੀ ਲਈ ਉਹ 'ਬਾਬਿਆ' ਸ਼ਬਦ ਵਰਤਦੇ ਸਨ, ਕਦੀ ਭਾਈ ਸਾਹਿਬ ਜੀ ਨਹੀਂ ਸਨ ਕਹਿੰਦੇ)। ਆਪ ਭਾਈ ਸਾਹਿਬ ਜੀ ਨੂੰ ਜਦ ਭੀ ਮਿਲਣ ਆਉਂਦੇ, ਬੜੇ ਸਤਿਕਾਰ ਨਾਲ ਝੁੱਕ ਕੇ ਫਤਿਹ ਬੁਲਾਉਂਦੇ ਅਤੇ ਭਾਈ ਸਾਹਿਬ ਜੀ ਦੇ ਬਰਾਬਰ ਇਕੋ ਪਲੰਘ ਤੇ ਨਹੀਂ ਬੈਠਦੇ ਸਨ। ਹੱਸ ਕੇ ਕਹਿੰਦੇ, "ਬਾਬਿਆਂ ਦੇ ਬਰਾਬਰ ਬੱਚੇ ਨਹੀਂ ਬੈਠਦੇ।" ਸ਼ਿਮਲੇ ਦਾ ਆਖ਼ਰੀ ਸਮਾਗਮ, ਜੋ ਕਿ ੧੯੫੩ ਮਈ ਵਿਚ ਹੋਇਆ ਸੀ, ਭਾਈ ਸਾਹਿਬ ਜੀ ਅਤੇ ਉਨ੍ਹਾਂ ਦੇ ਨਿਕਟ-ਵਰਤੀ ਗੁਰਮੁਖਾਂ ਪਿਆਰਿਆਂ ਤੇ ਬੀਬੀ ਜੀ ਭੈਣ ਦਲੇਰ ਕੌਰ ਜੀ ਆਦਿ ਲਈ ਵਿਸ਼੍ਰਾਮ ਦਾਸਰੇ ਦੇ ਅਫ਼ਸਰ ਦੀ ਕੋਠੀ ਵਿਚ ਹੋਇਆ, ਜੋ ਰੇਲਵੇ ਸਟੇਸ਼ਨ ਦੇ ਨਜ਼ਦੀਕ ਸੀ ਅਤੇ ਹੁਣ ਉੱਥੇ ਰੇਲਵੇ ਅਫ਼ਸਰਾਂ ਦਾ 'ਹੌਲੀਡੇ-ਹੋਮ' ਬਣ ਚੁਕਾ ਹੈ। ਉਹ ਅਫ਼ਸਰ ਸ੍ਰੀ ਐਸ. ਐਨ. ਮਹੰਤ (ਸ੍ਰੀ ਸਤਯ ਸਰੂਪ ਮਹੰਤ) ਗੁਰੂ ਘਰ ਦੇ ਮੰਨਣ ਵਾਲਾ ਸੀ ਅਤੇ ਦਾਸਰੇ ਨਾਲ ਕਈ ਵਾਰੀ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਵਡਭਾਗੀ ਹੋਇਆ ਲੋਚਦਾ ਸੀ। ਮੇਰੇ ਅਫ਼ਸਰ ਨੇ ਖ਼ੁਦ ਕਹਿ ਕੇ ਇਸ ਸਾਰੇ ਸਮਾਗਮ ਦਾ ਇੰਤਜ਼ਾਮ ਇਸ ਤਰ੍ਹਾਂ ਕਰਵਾਇਆ ਸੀ ਕਿ ਭਾਈ ਸਾਹਿਬ ਜੀ

www.AKJ.Org

ਲਈ ਸਪੈਸ਼ਲ ਡੱਬਾ ਕੁਮਾਰ ਹਟੀ ਤੋਂ ਆਉਣ ਜਾਣ ਲਈ, ਆਪਣੀ ਕੋਠੀ ਵਿਚ ਇਕ ਕਮਰਾ ਰਖ ਕੇ ਬਾਕੀ ਸਭ ਭਾਈ ਸਾਹਿਬ ਅਤੇ ਸੰਗਤਾਂ ਦੇ ਲਈ ਖੋਲ੍ਹ ਦਿਤੇ । ਰੇਲਵੇ ਇੰਸਟੀਚਿਊਟ ਨੂੰ ਕੀਰਤਨ-ਅਸਥਾਨ ਬਣਾ ਦਿਤਾ ਗਿਆ,ਰੇਲਵੇ ਡਿਸਪੈਂਸਰੀ ਵਿਚ ਲੰਗਰ ਆਦਿ ਦਾ ਇੰਤਜ਼ਾਮ ਸੀ ਅਤੇ ਹੋਰ ਸੰਗਤਾਂ ਲਈ ਨਾਲ ਲਗਦੀਆਂ ਰੇਲਵੇ ਦੀਆਂ ਕੋਠੀਆਂ ਕੁਆਟਰ ਖੁਲ੍ਹਵ ਦਿਤੇ । ਸੰਤ ਬਾਬਾ ਗੁਰਬਖਸ਼ ਸਿੰਘ ਜੀ ਜੋਤੀਸਰ ਗੁਰਦਵਾਰਾ ਸਾਹਿਬ ਵਿਚ ਇਕ ਬਹੁਤ ਛੋਟੇ ਕਮਰੇ ਵਿਚ ਕੇਵਲ ਇਕ ਮੰਜੇ ਜੋਗੀ ਜਗ੍ਹਾ ਵਿਚ ਬਿਸ਼੍ਰਾਮ ਕਰਦੇ ਸਨ, ਬਿਸ਼੍ਰਾਮ ਦਾ ਤਾਂ ਨਾਂ ਹੀ ਸੀ, ਜਪ ਤਪ ਹੀ ਕਰਦੇ ਸਨ, ਕਿਉਂਕਿ ਜਦ ਉਸ ਅਸਥਾਨ ਦੇ ਅੰਦਰ ਦਾਸਰਾ ਜਾਂਦਾ ਤਾਂ ਮਨ ਦੀ ਅਵਸਥਾ ਸ਼ਾਂਤ ਹੋ ਜਾਂਦੀ ਅਤੇ ਕੋਈ ਅਗੰਮੀ ਸੁਆਦ ਆਉਂਦਾ । ਸੰਤ ਜੀ ਭਾਈ ਸਾਹਿਬ ਜੀ ਦੇ ਦਰਸ਼ਨ ਕਰ ਕੇ ਬੜੀ ਹੀ ਹਲੀਮੀ ਨਾਲ ਕਹਿਣ ਲਗੇ ਕਿ 'ਬਾਬਿਆਂ ਨੂੰ ਬਿਸ਼੍ਰਾਮ ਲਈ ਇਸ ਕੀਟ ਦੀ ਝੁੱਗੀ ਵਿਚ ਲੈ ਚਲੋ, ਦਾਸ ਦੂਜੇ ਕਮਰੇ ਵਿਚ ਹੋ ਜਾਏਗਾ । ਤਾਂ ਦਾਸਰੇ ਨੇ ਕਿਹਾ, 'ਮਹਰਾਜ, ਹੋਰ ਸੰਗਤਾਂ ਨਾਲੋਂ ਬਾਪੂ ਜੀ ਅਲਗ ਨਹੀਂ ਰਹਿੰਦੇ, ਇਸ ਲਈ ਇਥੇ ਇੰਤਜ਼ਾਮ ਕੀਤਾ ਹੈ । ਤਾਂ ਭਾਈ ਸਾਹਿਬ ਜੀ ਸੰਤ ਜੀ ਨੂੰ ਸਨਮੁਖ ਹੋ ਕੇ ਬੋਲੇ, ਅਸੀਂ ਸਭ ਆਪ ਜੀ ਦੇ ਨਾਲ ਹੀ ਹਾਂ, ਜੁਦੇ ਨਹੀਂ । ਸਭ ਠੀਕ ਹੈ । ਜਿਵੇਂ ਵਾਹਿਗੁਰੂ ਨੂੰ ਭਾਵੇ ਤਿਵੇਂ ਹੀ ਸਭ ਬਿੰਧ ਠੀਕ ਹੈ ।

ਨਿਮਰਤਾ—

ਇਹ ਤਾਂ ਹੋਈ ਉੱਚ ਕਮਾਈਆਂ ਵਾਲਿਆਂ ਦੀ ਰਾਏ ਕਿ ਭਾਈ ਸਾਹਿਬ ਜੀ ਦੀ ਆਤਮਿਕ ਅਵਸਥਾ ਦਾ ਕੋਈ ਅੰਤ ਹੀ ਨਹੀਂ ਪਾ ਸਕਦਾ । ਹੁਣ ਲਵੋ ਉਨ੍ਹਾਂ ਦੀ ਨਿਮਰਤਾ ਦੀ ਹਦ ਬਾਰੇ । ਆਪ ਜੀ ਬੇਅੰਤ ਸੰਗਤਾਂ ਨਾਲ ਇਸ ਲੰਮੇ ਜੀਵਨ ਵਿਚ ਵਿਚਰਦੇ ਰਹੇ, ਪਰ ਕਿਸੇ ਤੋਂ **ਸੰਤ** ਨਹੀਂ ਕਹਾਇਆ । ਉਹ ਜਾਣਦੇ ਸਨ ਕਿ ਗੁਰਸਿੱਖੀ ਦਾ ਰਿਸ਼ਤਾ ਹੀ ਗੁਰ-ਭਾਈਆਂ ਵਾਲਾ ਹੈ । ਕੀ ਬੱਚਾ ਕੀ ਬੁੱਢਾ, ਉਨ੍ਹਾਂ ਨੂੰ 'ਭਾਈ ਸਾਹਿਬ ਜੀ' ਕਰਕੇ ਹੀ ਸਮਝਦਾ ਸੀ । ਉਂਝ ਭਾਵੇਂ ਪਿਆਰ ਨਾਲ ਅਸੀਂ ਬਾਪੂ ਜੀ ਕਰਕੇ ਬੁਲਾ ਲੈਂਦੇ ।

ਭਾਈ ਸਾਹਿਬ ਆਪਣੇ ਪ੍ਰੇਮੀਆਂ ਨੂੰ ਕਈ ਕਈ ਚਿੱਠੀਆਂ ਲਿਖਦੇ ਰਹੇ । ਗਿਆਨੀ ਨਾਹਰ ਸਿੰਘ ਜੀ ਨੂੰ ਤਾਂ ਅਨੇਕਾਂ ਚਿੱਠੀਆਂ ਜੇਲ੍ਹਾਂ ਵਿਚੋਂ ਭੀ ਲਿਖੀਆਂ । ਸਭ ਚਿੱਠੀਆਂ ਵਿਚ ਸਤਿਕਾਰ ਸਹਿਤ ਵੀਰ ਜੀ (ਭਾਈ) ਕਰਕੇ ਅਤੇ ਆਪਣੇ ਆਪ ਨੂੰ ਦਾਸਰਾ/ਟਹਿਲੀਆ ਕਰਕੇ ਲਿਖਿਆ ਮਿਲਦਾ ਹੈ ।

ਦਾਸਰੇ ਨੂੰ ਵੀ ਆਪ ਚਿੱਠੀਆਂ ਲਿਖ ਕੇ ਨਿਵਾਜਦੇ ਰਹੇ । ਉਨ੍ਹਾਂ ਦੇ ਅਰੰਭ ਵਿਚ ''ਪਰਮ ਪਿਆਰੇ ਜੋਧ ਸਿੰਘ ਜੀਉ'', ''ਪਰਮ ਪਿਆਰੇ ਸ੍ਰੀ ਵੀਰ ਭਾਈ ਜੋਧ ਸਿੰਘ ਜੀਉ'', ਅਤੇ ਸਮਾਪਤੀ ਤੇ ''ਆਪ ਦਾ ਪ੍ਰੇਮੀਅੜਾ ਦਾਸਰਾ ਰਣਧੀਰ ਸਿੰਘ'', ''ਸਾਰੀ ਸ਼ਿਮਲਾ ਨਿਵਾਸੀ ਸੰਗਤ ਦਾ ਧੰਨਵਾਦੀ ਟਹਿਲੀਆ, ਦਾਸ ਰਣਧੀਰ ਸਿੰਘ'' ਲਿਖਿਆ ਹੋਇਆ ਹੈ ।

ਇਕ ਹੋਰ ਚਿੱਠੀ ਹੂਬਹੂ ਹੇਠਾਂ ਦਿਤੀ ਜਾ ਰਹੀ ਹੈ—

ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ॥

ਕੁਮਾਰ ਹੱਟੀ ੧੫-੭-੫੪

''...ਕਿਥੈ ਤੈਡੇ ਮਾਪਿਆ ਜਿਨ੍ਹੀ ਤੂੰ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ .. ... ॥''

ਪਰਮ ਪਿਆਰੇ ਵੀਰ ਸ੍ਰੀ ਮਾਨ ਭਾਈ ਜੋਧ ਸਿੰਘ ਜੀਉ,

ਆਪਦਾ ਬੈਰਾਗ ਮਈ ਪੱਤਰ ਪੁੱਜਾ । ਆਪ ਜੀ ਦੇ ਪੂਜਨੀਕ ਪਿਤਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੜ੍ਹ ਕੇ ਚਿੱਤ ਅਤੀਅੰਤ ਬੈਰਾਗਮਾਨ ਹੋਇਆ । ਅਪਰੰਚ ਆਪ ਦੰਪਤੀ ਜੀ ਨੇ ਜੋ ਆਪਣੇ ਹੱਥੀਂ ਉਨ੍ਹਾਂ ਦੀ ਅਥੱਕ ਸੇਵਾ ਕੀਤੀ ਹੈ ਉਸ ਨੂੰ ਜਾਂਚ ਕੇ ਪਰਮ ਪ੍ਰਸੰਨਤਾ ਹੋਈ ਹੈ । ਆਪ ਦੇ ਪਿਤਾ ਜੀ ਬੜੇ ਹੀ ਭਾਗਾਂ ਵਾਲੇ ਸਨ ਜਿਨ੍ਹ

www.AKJ.Org

ਦੇ ਅੰਤਮ ਦਿਹਾੜੇ ਆਪ ਜੈਸੀ ਸੰਪਾਤਰ ਆਤਮਾਵਾਂ ਦੀ ਸੇਵਾਦਾਰੀ ਵਿਚ ਬਤੀਤ ਹੋਏ ਤੇ ਆਪ ਭੀ ਬੜੇ ਸੁਭਾਗੇ ਹੋ ਜਿਨ੍ਹਾਂ ਨੂੰ ਆਪਣੇ ਬ੍ਰਿਧ ਪਿਤਾ ਜੀ ਦੀ ਸੇਵਾ ਕਰਨ ਦਾ ਓੜਕ ਸਮੇਂ ਸਮੀਪੀ ਅਵਸਰ ਮਿਲਿਆ। ਅਗੇ ਭੀ ਆਪ ਜੋੜੀ ਨੇ ਇਸ ਪਰਕਾਰ ਦੀ ਅਥੱਕ ਸੇਵਾ ਕਰਨ ਦਾ ਪੂਰਾ ਸਬੂਤ ਦਿਤਾ, ਇਹ ਸੇਵਾ ਆਪ ਦੀ ਸਫਲੀ ਹੈ। ਅਤੇ ਗੁਰੂ ਦੀ ਦਰਗਾਹ ਵਿਚ ਪਰਵਾਣ ਪਈ ਹੈ, ਸਦਾ ਹਰੀ ਭਰੀ ਰਹੇਗੀ। ਆਪ ਜੀ ਦੀ ਸੰਸਾਰ ਤੋਂ ਉਪਰਾਮਤਾ ਜੋ ਆਪ ਜੀ ਦੇ ਪਿਤਾ ਜੀ ਦੇ ਅਕਾਲ ਚਲਾਣੇ ਪਿਛੋਂ ਆਪ ਜੀ ਦੇ ਅੰਦਰ ਉਪਜ ਕੇ ਰੰਗ ਲਿਆਵੇਗੀ, ਇਹ ਭੀ ਇਕ ਸ਼ੁਭ-ਲਛਣੀ ਉਦਾਹਰਣ ਹੈ। ਸਤਿਗੁਰੂ ਆਪ ਜੀਉ ਨੂੰ ਸਦਾ ਹੀ ਨਾਮ ਰੰਗ ਦੀਆਂ ਚੜ੍ਹਦੀਆਂ ਕਲਾਂ ਵਿਚ ਖੇਡਾਵਣ ਅਤੇ ਆਪ ਜੀ ਦੇ ਪਿਤਾ ਜੀ ਦੀ ਵਿਛੜੀ ਆਤਮਾ ਨੂੰ ਆਪਣੇ ਪਵਿਤਰ ਚਰਨਾਂ ਵਿਚ ਨਿਵਾਸਾਂ ਬਖਸ਼ਣ। ਆਪ ਦੇ ਦਰਸ਼ਨਾਂ ਨੂੰ ਬੜਾ ਜੀਉ ਲੋਚਦਾ ਹੈ, ਕਿਤੇ ਆਂਦੇ ਜਾਂਦੇ ਜ਼ਰੂਰ ਦਰਸ਼ਨ ਦੇ ਜਾਓ। ਧੂੜ ਕੋਟ ਤੋਂ ਪਰਸੋਂ ਸਬਜ਼ੀ ਆਈ ਸੀ ਆਪਦੀ ਪਠਾਈ ਹੋਈ, ਅਤੀ ਧੰਨਵਾਦੀ ਹਾਂ। ਵਿਚਲਾ ਪੋਸਟ ਕਾਰਡ, ਜੋ ਜਲੰਧਰ ਤੋਂ ਆਇਆ ਹੈ, ਆਪ ਜੀ ਨੇ ਕਿਰਪਾ ਕਰ ਕੇ ਸੁਰਜਨ ਸਿੰਘ ਨੂੰ ਦੇ ਦੇਣਾ ਅਤੇ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਨੀ ਕਿ ਜਿਵੇਂ ਸਰਦਾਰ ਅਵਤਾਰ ਸਿੰਘ ਜੀ ਨੇ ਲਿਖਿਆ ਹੈ ਉਵੇਂ ਜਿਵੇਂ ਹੀ ਕਰਨ। ਇਹ ਕਾਰਡ ਉਨ੍ਹਾਂ ਨੂੰ ਜ਼ਰੂਰ ਦੇਣਾ। ਜੇਕਰ ਉਨ੍ਹਾਂ ਨੇ ਹੇਠਾਂ ਨੂੰ ਜ਼ਰੂਰ ਮੁੜਨਾ ਹੋਵੇ, ਸਾਨੂੰ ਜ਼ਰੂਰ ਮਿਲ ਕੇ ਜਾਣ ਜੀ।

ਸਰਬਤ ਪ੍ਰੇਮੀ ਜਨਾਂ ਨੂੰ ਪ੍ਰੇਮ ਭਰੀ ਫਤਹਿ ਬੁਲਾਈ ਪਰਵਾਨ ਹੋਵੇ। ਕੀਬੀ ਜੀ ਨੂੰ ਪਿਆਰ ਭਰੀ ਫਤਿਹ। ਸਿਰੀ ਮਾਨ ਸੁਰਜਨ ਸਿੰਘ ਜੀ ਨੂੰ ਫਤਿਹ!

ਆਪ ਦਾ ਦਰਸ਼ਨ ਅਭਿਲਾਖੀ ਦਾਸ ਰਣਧੀਰ ਸਿੰਘ

ਹੋਰ ਭੀ ਅਨੇਕਾਂ ਗੁਰਮੁਖਾਂ ਕੋਲ ਉਨ੍ਹਾਂ ਦੀਆਂ ਪ੍ਰੇਮ-ਪਾਤੀਆਂ ਹੋਣਗੀਆਂ, ਪਰ ਦਾਸਰੇ ਦਾ ਪੂਰਨ ਵਿਸ਼ਵਾਸ ਹੈ ਕਿ ਕਿਤੇ ਵੀ ਕਿਸੇ ਭੀ ਚਿੱਠੀ ਜਾਂ ਲਿਖਤ ਵਿਚੋਂ ਉਨ੍ਹਾਂ ਨੇ ਆਪਣੀ ਵਡਿਆਈ, ਭਾਵ ਉੱਚ ਆਤਮਿਕ ਅਵਸਥਾ ਦਾ ਲਿਸ਼ਕਾਰਾ ਤਕ ਭੀ ਨਹੀਂ ਪੈਣ ਦਿਤਾ। ਉਹ ਸੁਭਾਵਿਕ ਹੀ ਐਸਾ ਲਿਖਦੇ ਸਨ ਕਿਉਂਕਿ "ਪੰਚ ਚੋਰਾਂ ਨੂੰ ਮਾਰ ਕੇ" ਉਹ ਸਹਿਜ ਅਵਸਥਾ ਵਿਚ ਪੁੱਜ ਚੁੱਕੇ ਸਨ, ਸਭ ਨੂੰ ਬਰਾਬਰ ਸਮਝਦੇ ਸਨ, 'ਤਾਣ ਹੋਂਦੇ ਹੋਇ ਨਿਤਾਣਾ, ਮਾਣ ਹੋਂਦੇ ਹੋਇ ਨਿਮਾਣਾ' ਵਾਲੀ ਅਵਸਥਾ ਤੇ ਪੁੱਜ ਚੁੱਕੇ ਸਨ।

ਚਿੱਠੀਆਂ ਜਿਤਨੀਆਂ ਭੀ ਹਨ, ਜੋ ਜੋ ਦਾਸਰੇ ਦੀ ਨਿਗਾਹ ਵਿਚੋਂ ਗੁਜ਼ਰੀਆਂ, ਇਹੀ ਸਾਬਤ ਕਰਦੀਆਂ ਹਨ ਕਿ ਲਿਖਣ ਵਾਲਾ ਲਿਖਣ ਵਾਲੇ ਨੂੰ ਘੱਟੋ ਘੱਟ ਬਰਾਬਰ ਦੀ ਅਵਸਥਾ ਵਾਲਾ ਜਾਣ ਕੇ ਲਿਖ ਰਿਹਾ ਹੈ। ਕੀ ਮਜਾਲ ਹੈ ਕਿਤੇ 'ਮੈਂ' ਦੀ ਝਲਕ ਤਕ ਪੈਂਦੀ ਹੋਵੇ।

ਅੱਜ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਕੋਈ ਵਿਰਲਾ ਹੀ ਸੰਤ ਮਹੰਤ ਹੋਵੇਗਾ ਜੋ ਜਗਿਆਸੂਆਂ ਕੋਲੋਂ ਮੱਥੇ ਨਾ ਟਿਕਾਉਂਦਾ ਹੋਵੇ। ਕੀ ਬੱਚਾ, ਕੀ ਬੁੱਢਾ, ਕੀ ਮਰਦ, ਕੀ ਔਰਤ, ਸਭ ਚਰਨੀਂ ਢਠ ਕੇ ਅਸੀਸਾਂ ਪ੍ਰਾਪਤ ਕਰਦੇ ਹਨ। ਅਜ ਕਲ੍ਹ ਤਾਂ ਵੀਡੀਉ ਫ਼ਿਲਮਾਂ ਪੱਕਾ ਸਬੂਤ ਦੇ ਸਕਦੀਆਂ ਹਨ। ਉਸ ਸਮੇਂ ਭਾਵੇਂ ਵੀਡੀਉ ਤਾਂ ਨਹੀਂ ਸੀ, ਪਰ ਫੋਟੋ-ਗ੍ਰਾਫੀ ਤਾਂ ਸੀ। ਅਜੇ ਤਾਈਂ ਐਸੀ ਫੋਟੋ ਖਿੱਚੀ ਨਹੀਂ ਗਈ, ਜਿਸਦੇ ਵਿਚ ਭਾਈ ਸਾਹਿਬ ਦੇ ਚਰਨ ਤੇ ਕੋਈ ਪ੍ਰਾਣੀ ਢਡਾ ਡਿਠਾ ਹੋਵੇ।

ਨਾਰੰਗਵਾਲ ਪੋਹ ਸੁਦੀ ਦੇ ਸਮਾਗਮ ਤੇ ਭਾਈ ਸਾਹਿਬ ਜੀ ਕੀਰਤਨ-ਅਸਥਾਨ ਤੋਂ ਕੁਝ ਸੰਗਤਾਂ ਨਾਲ ਲੈ ਕੇ ਪਿੰਡ ਤੋਂ ਬਾਹਰ ਇਕ ਪਿੱਪਲ ਦੇ ਬ੍ਰਿਛ ਥੱਲੇ ਸੰਗਤਾਂ ਨੂੰ "ਜੀ ਆਇਆਂ ਨੂੰ" ਕਹਿਣ ਜਾਂਦੇ ਸਨ ਤਾਂ ਜਦੋਂ ਸੰਗਤਾਂ ਦੇ ਸਨਮੁਖ ਪੁਜਣਾ ਤਾਂ ਪਿਪਲ ਥੱਲੇ ਧੂੜਧਲ (ਸੁਰਮੇ ਵਰਗੀ ਬਰੀਕ ਮਿੱਟੀ) ਵਿਚ ਡੰਡੌਤ-ਬੰਦਨਾ ਕਰਨੀ ਤੇ ਸੰਗਤਾਂ ਵਿਚੋਂ ਕਿਸੇ ਨੇ ਜ਼ਰੀ ਦੀ ਅਚਕਨ ਤੋਂ ਧੂੜ ਝਾੜਨੀ, ਪਰ ਆਪ ਭਾਈ ਸਾਹਿਬ ਜੀ ਨੇ ਬਿਸਮਾਦੀ ਰੰਗਾਂ ਵਿਚ ਆ ਕੇ ਸ਼ਬਦ ਪੜ੍ਹਨਾ—"ਧੂੜੀ ਵਿਚਿ ਲੁਡੇਦੜੀ ਸੋਹਾਂ ਨਾਨਕ ਤੈ ਸਹ ਨਾਲੇ"। ਉਨ੍ਹਾਂ ਦੀ ਅਵਸਥਾ ਇਤਨੀ ਉੱਚੀ ਸੀ ਕਿ ਉਨ੍ਹਾਂ ਨੂੰ ਧੂੜਧਲ ਭੀ "ਚੰਦਨ" ਲਗਦਾ ਸੀ। ਫੇਰ ਇਹ ਨਹੀਂ ਸੀ ਹੁੰਦਾ ਕਿ ਇਕ ਸ਼ਬਦ ਪੜ੍ਹਿਆ ਤੇ ਮੁੜ ਕੇ ਕੀਰਤਨ ਅਸਥਾਨ ਤੇ (ਭਾਈ ਸਾਹਿਬ ਜੀ ਦੇ ਪਿੰਡ ਵਿਚ) ਘਰ ਨੂੰ ਚਲੇ ਗਏ।

www.AKJ.Org

ਕਈ ਹੋਰ ਸ਼ਬਦ ਪੜ੍ਹਦੇ ਅਤੇ ਲੋਟਪੋਟ ਹੁੰਦੀਆਂ ਸੰਗਤਾਂ ਆ ਕੇ ਦੀਵਾਨ ਵਿਚ ਜੁੜ ਜਾਂਦੀਆਂ ਤੇ ਨਾਲੇ ਤਾਂ ਬਰਾਂਡਿਆਂ ਵਿਚ (ਲੰਗਰ-ਅਸਥਾਨ) ਵਿਚ ਬੈਠ ਕੇ ਕੀਰਤਨ ਸਰਵਨ ਕਰਦੀਆਂ ਤੇ ਨਾਲੇ ਹੀ ਲੰਗਰ ਆਦਿ ਭੀ ਛਕਦੀਆਂ ਰਹਿੰਦੀਆਂ। ਕਿਆ ਸੁਹਾਵਣਾ ਸਮਾਂ ਸੀ ; "ਕਹਿਬੈ ਕੋ ਸੋਭਾ ਨਹੀ ਦੇਖਾ ਹੀ ਪਰਵਾਨੁ ॥"

ਇਹ ਤਾਂ ਹੈ ਅੱਖੀਂ ਡਿੱਠੀ ਭਾਈ ਸਾਹਿਬ ਜੀ ਦੀ ਆਤਮਿਕ ਅਵਸਥਾ ਬਾਰੇ ਅਤੇ ਜੋ ਉਨ੍ਹਾਂ ਦੀਆਂ ਰਚਿਤ ਗੁਰਮਤਿ ਪੁਸਤਕਾਂ ਵਿਚੋਂ ਨਜ਼ਰ ਆਉਂਦੀ ਹੈ ਉਸ ਲਈ ਤਾਂ ਜੇਲ੍ਹ ਚਿੱਠੀਆਂ, ਜੋਤਿ ਵਿਗਾਸ, ਅਨਹਦ ਸ਼ਬਦ ਦਸਮ ਦੁਆਰ ਖਾਸ ਕਰਕੇ ਇਕਾਗਰ-ਚਿੱਤ ਹੋ ਕੇ ਪੜ੍ਹਨ ਨਾਲ ਹੀ ਪਤਾ ਲਗਦੀ ਹੈ। ਇਸੇ ਤਰ੍ਹਾਂ ਬਾਕੀ ਦੀਆਂ ਪੁਸਤਕਾਂ ਆਪਣੀ ਆਪਣੀ ਜਗ੍ਹਾ ਆਤਮਿਕ ਅਵਸਥਾ ਬਾਰੇ ਕੁਝ ਨਾ ਕੁਝ ਜ਼ਰੂਰ ਦਸਦੀਆਂ ਹਨ, ਪਰ ਐਸੀ ਕੋਈ ਲਿਖਤ ਨਹੀਂ ਹੈ ਜੋ ਗੁਰਮਤਿ ਜਾਂ ਗੁਰਬਾਣੀ ਤੇ ਅਧਾਰਤ ਨਾ ਹੋਵੇ। ਉਨ੍ਹਾਂ ਦੀਆਂ ਲਿਖੀਆਂ ਗੁਰਮਤੀ ਪੁਸਤਕਾਂ ਉਨ੍ਹਾਂ ਦੀ ਉੱਚੀ ਆਤਮਿਕ ਅਵਸਥਾ ਦੀ ਪਰਖ ਲਈ ਕਸੌਟੀ ਹਨ।

ਜਪ ਤਪ ਸਮਾਗਮ

੧੭ ਅਤੇ ੧੮ ਜੁਲਾਈ ਨੂੰ ਪੰਥਕ ਏਕਤਾ, ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਜਪ ਤਪ ਸਮਾਗਮ ਹੋ ਰਿਹਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

ਜੇਲ੍ਹ ਚਿੱਠੀਆਂ	੩੫-੦੦	ਗੁਰਮਤਿ ਸੱਚ ਨਿਰਣੈ	੧੫-੦੦
ਰੰਗਲੇ ਸੱਜਣ	੨੦-੦੦	ਸਚਖੰਡ ਦਰਸ਼ਨ	੭-੫੦
ਗੁਰਮਤਿ ਗੌਰਵਤਾ	੩੨-੦੦	ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?	੭-੫੦
ਅਨਹਦ ਸ਼ਬਦ ਦਸਮ ਦੁਆਰ	੧੫-੦੦	ਜੋਤਿ ਵਿਗਾਸ (ਮਹਾਂ ਕਾਵਿ)	੧੭-੫੦
ਕਥਾ ਕੀਰਤਨ	੧੬-੦੦	ਆਸਤਕ ਤੇ ਨਾਸਤਕ	੦-੭੫
ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ	੧੨-੦੦	ਨਾਮ ਸੰਬੰਧੀ ਵਿਚਾਰ	੧-੭੫
ਗੁਰਮਤਿ ਰਮਜ਼ਾਂ ੨-੫੦ ਅੰਮ੍ਰਿਤ ਕੀ ਹੈ	੩-੦੦	ਬਾਬਾ ਵੈਦ ਰੋਗੀਆਂ ਦਾ	੧-੦੦
ਹਉਮੈ ਨਾਵੈ ਨਾਲਿ ਵਿਰੋਧੁ ਹੈ	੧-੦੦	ਸਿੱਖੀ ਸਿਦਕ ਤੇ ਧਰਮ ਰਖਿਆ	੧-੦੦
ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ	੦-੭੫	ਤਿਮਰ ਅਗਿਆਨ ਤੋਂ ਉਜਿਆਰਾ	੧-੦੦

'ਸੂਰਾ' ਵਲੋਂ ਗੁਰਮਤਿ ਪ੍ਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ]	੧੦-੦੦		
ਕੇਸਕੀ [ਦਸਤਾਰ]	੨-੫੦	ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ]	੧-੫੦
ਖਾਲਸਾ ਰਹਿਤ ਮਰਯਾਦਾ	੩-੫੦	ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,,	੨-੦੦
ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ]	੨-੦੦	ਕੀ ਕੇਸ ਰਖਣੇ ਜ਼ਰੂਰੀ ਹਨ ? ,,	੧-੦੦
ਤਉ ਕਿਉ ਮੁਰਗੀ ਮਾਰੈ [ਤਲਵਾੜਾ ਜੀ]	੨-੦੦	ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,,	੧-੦੦
HAIR—A Divine Gift	1-00	ਗੁਰਮਤਿ ਅਨਹਦ ਸ਼ਬਦ ,,	੧-੦੦
Dawn of Divine Wisdom	1-50	ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,,	੦-੭੫
ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ	੨-੦੦	ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,.	੧-੫੦
ਗੁਰਬਾਣੀ ਰਹਿਤਨਾਮਾ	੧-੦੦	ਜਬ ਲਗ ਖਾਲਸਾ ਰਹੈ ਨਿਆਰਾ ,,	੧-੦੦
ਸ੍ਰੀ ਭਗਉਤੀ ਪ੍ਰਬੋਧ[ਚੋਣਵੇਂ ਵਿਦਵਾਨਾਂ ਦੇ ਲੇਖ]੨-੦੦		ਖਾਲਸਾ ਜੀ ਦਾ ਗੁਰਮਤਿ ਆਦਰਸ਼ ,,	੦-੭੫
		ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ]	੧-੫੦

www.AKJ.Org

ਅਨੰਦਪੁਰ ਦੀ ਪਹਿਲੀ ਲੜਾਈ

[ਸ: ਅਤਰ ਸਿੰਘ 'ਨੀਰ' ੬੫, ਸ਼ੀਤਲ ਅਪਾਰਟਮੈਂਟ, ਸੈਕਟਰ ੧੪, ਰੋਹਣੀ, ਦਿੱਲੀ-੮੫]

ਫਿਕਰਾਂ ਵਿਚ ਸਭ ਕੋਲਾ ਹੋਏ ਰਾਜੇ ਸਭ ਪਹਾੜੀ। ਪੈਰਾਂ ਵਿਚ ਲਿਤਾੜੇ ਉਭਰੇ ਜਿਉਂ ਕਰ ਚੰਦਨਵਾੜੀ।
ਲੈਣ ਨਾ ਦੇਂਦੇ ਚੈਨ ਅਸਾਨੂੰ ਛਿਨ ਪਲ ਰਾਤ ਦਿਹਾੜੀ। ਗੁਰੂ ਗੋਬਿੰਦ ਦੇ ਥੋੜੇ ਸਿੰਘਾਂ ਸਾਡੀ ਪੱਤ ਵਿਗਾੜੀ।
ਇਕ ਪਰਬਤ ਦੇ ਵਿਚ ਬਿਠਾਏ ਰਾਜੇ ਨਾਈ ਘਾੜੀ। ਅਸੀਂ ਰਾਜੇ ਰਾਜ ਦੇ ਮਾਲਕ ਡਾਢੀ ਹੋਈ ਮਾੜੀ।

ਥੋੜੇ ਸਿਖ ਪਰ ਰੂਹ ਇਨ੍ਹਾਂ ਵਿਚ ਐਸੀ ਫੂਕੀ ਘੋਲੀ। ਸਿਪਾਹੀ ਅਸਾਡੇ ਇਨ੍ਹਾਂ ਅਗੇ ਭੇਡ ਇਕਰੀਆਂ ਦੀ ਟੋਲੀ।
ਸਾਨੂੰ ਸਮਝਣ ਗਾਜਰ ਮੂਲੀ ਘਾਹ ਕੰਡਿਆਲੀ ਪੋਹਲੀ। ਸ਼ੇਰਾਂ ਵਾਂਗੂੰ ਗੱਜ ਕੇ ਪੈਂਦੇ, ਲਗਦੇ ਵਾਂਗੂੰ ਗੋਲੀ।
ਹਥ ਪਿਆ ਸਾਡੀ ਗਿਚੀ ਰਾਰਦਨ,ਰਾਜਿਆਂ ਇਹ ਗਲ ਗੋਲੀ। ਮੰਗੀਏ ਮਦਦ ਮੁਗ਼ਲ ਰਾਜ ਤੋਂ,ਤਾਂ ਮਿਟਣੀ ਇਹ ਰੋਲੀ।

ਕੌੜ ਕਸੈਲੀਆਂ ਸਹਿ ਲਾਂਗੇ ਮੁਰਲਾਂ ਤਾਈਂ ਬਹਿਲਾ ਕੇ। ਖ਼ਿਰਾਜ ਜਜ਼ੀਆ ਤਾਰ ਕੇ ਮਾਮਲਾ ਪੈਸੇ ਹੋਰ ਚੜ੍ਹਾ ਕੇ।
ਅੰਪਰ ਖ਼ਦਰਾ ਗੁਰੂ ਦਾ ਡਾਰੀ,ਹਟਣਾ ਨਹੀਂ ਟਿਲ ਲਾ ਕੇ। ਸੁਤਿਆਂ ਤਾਈ ਜਗਾਈ ਫਾਂਦਾ ਆਪਣਾ ਜਾਦੂ ਪਾ ਕੇ।
ਇਨ੍ਹਾਂ ਵਿਚੋਂ ਹੀ ਸਿਖ ਪਏ ਬਣਦੇ ਦਾੜ੍ਹੀ ਕੇਸ ਸਜਾ ਕੇ। ਤੁਸਾਂ ਅਸਾਂ ਲਈ ਆਫ਼ਤ ਬਣਨੀ ਇਕ ਦਿਨ ਡਾਢੀ ਆ ਕੇ।

ਘਲ ਵਕੀਲ ਸਰਹੰਦ ਨੂੰ, ਰਾਜਿਆਂ ਸੂਬੇ ਨੂੰ ਗੱਲ ਆਖੀ। ਅਸੀਂ ਫਿਆਇਆ, ਤੁਸੀਂ ਹੋ ਮਾਲਕ, ਕਰੋ ਅਸਾਡੀ ਰਾਖੀ।
ਇੱਜ਼ਤ ਸਾਡੀ ਹੱਥ ਤੁਹਾਡੇ, ਅਸਾਂ ਹੈ ਜੋਖੀ ਜਾਖੀ। ਲਾਏ ਟਿਲ ਤੇ ਵਾਹ ਬਥੇਰੇ, ਪਰ ਗੁਰੂ ਨਹੀਂ ਘੱਖੀ ਘਾਖੀ।
ਬਿਨਾਂ ਤੁਹਾਡੇ ਜਾਏ ਨ ਝਲੀ ਹਨੇਰੀ ਵਡ੍ਹੀ ਮਨਾਖੀ। ਪੈਂਦਾ ਖ਼ਾਂ ਤੇ ਦੀਨਾ ਆਏ ਜਿਉਂ ਕਰ ਮਖੀ ਮਾਖੀ।

ਖੜਕ ਪਿਆ ਰਣਜੀਤ ਨਗਾਰਾ ਭੇਰੇ ਆਵਣ ਭਜਦੇ। ਇਕ ਦੂਏ ਤੋਂ ਵੱਧ ਵੱਧ ਅਗੇ; ਚਾਵਾਂ ਅੰਦਰ ਗਜਦੇ।
ਇਸ਼ਕਣ ਦਕਰ, ਦਿਸ਼ਣ ਭਾਲੇ, ਨਾਲ ਦੁਧਾਰਿਆਂ ਸਜਦੇ। ਗਿਠ ਗਿਠ ਪੈਰ ਜ਼ਿਮੀ ਤੋਂ ਉਚੇ,ਬਦਲਾਂ ਵਾਂਗ ਗਰਜਦੇ।
ਚ ਚਨ ਸੰਭਾਲੀ ਅਨੰਦਪੁਰ ਅੰਦਰ, ਕਮਜ਼ੋਰਾਂ ਨੂੰ ਕਜਦੇ। ਲਾਲ ਗੁਰੂ ਦੇ ਆ ਕੇ ਡੱਟ ਗਏ, ਨਾਲ ਸੁਚੱਜੇ ਢੰਗ ਦੇ।

ਮੁਗਲਾਂ ਘੇਰਿਆ ਅਨੰਦਪੁਰ ਤਾਈਂ, ਚੌਹੀਂ ਪਾਸਿਓਂ ਆ ਕੇ। ਸਰਮੌਰ ਜਸਵਾਲ ਦੇ ਰਾਜੇ ਚਲ ਪਏ ਕਦਮ ਮਿਲਾ ਕੇ।
ਕਹਿਲੂਰ ਦਾ ਰਾਜਾ ਭਜਿਆ ਆਵੇ, ਆਪਣੀ ਫੌਜ ਰਲਾ ਕੇ। ਪੈਂਦੇ ਖਾਨ ਵੰਗਾਰਿਆ ਆ ਕੇ, ਦੋਨੋਂ ਤੀਰ ਚਲਾ ਕੇ।
ਅਗੋਂ ਆਖਿਆ ਸਤਿਗੁਰਾਂ,ਖਾਨ ! ਲਿਆਈ ਮੌਤ ਬੁਲਾ ਕੇ।ਸੰਭਲ ਸੰਭਲ ! ਤੂ ਜਾ ਨਹੀਂ ਸਕਦਾ ਇਥੋਂ ਪ੍ਰਾਣ ਬਚਾ ਕੇ।

ਫਿਰ ਦਸਮੇਸ਼ ਗੁਰੂ ਜੀ ਕੀਤਾ, ਐਸਾ ਵਾਰ ਕਰਾਰਾ। ਝਲ ਨਾ ਸਕਿਆ ਮੁਗਲ ਹੰਕਾਰੀ, ਪਾਟ ਗਿਆ ਸਿਰ ਸਾਰਾ।
ਛੁਟੇ ਲਹੂ ਫੁਹਾਰੇ ਫਰ ਫਰ ਨਿਕਲਿਆ ਮਿਝ ਤੇ ਗਾਰਾ। ਭੁੰਜੇ ਲੋਥ ਕਾਵਾਂ ਦੇ ਜੋਗੀ, ਕੋਈ ਨ ਸਾਂਭਣ ਹਾਰਾ।
ਬੌਂਤਰ ਗਏ ਪਹਾੜੀ ਰਾਜੇ, ਕੋਈ ਨ ਦਿਸੇ ਚਾਰਾ। ਨਸੇ ਰਖ ਕੇ ਪੈਰ ਸਿਰਾਂ ਤੇ, ਵਜਿਆ ਕੂਚ ਨਗਾਰਾ।

ਦੀਨਾ ਬੇਗ ਨੇ ਜੋਸ਼ ਦੇ ਅੰਦਰ, ਕੀਤੀ ਹਲਾ ਸ਼ੇਰੀ। ਐਪਰ ਇਕੋ ਵਾਰ ਗੁਰਾਂ ਦੇ, ਉਸਦੀ ਸਾਰੀ ਖਲ ਉਧੇੜੀ।
ਤਿਤਰ ਹੋਇਆ ਡਿਗਦਾ ਢਹਿੰਦਾ, ਅੰਗ ਅੰਗ ਪਈ ਤਰੇੜੀ। ਖਿਦਰਾਬਾਦ ਖਰੜ ਟਪਾਏ, ਸਿੰਘਾਂ ਦੀ ਦਲੇਰੀ।
ਮਿਟੀ ਸਫੈਦੀ ਮਾਂਹ ਦੇ ਵਾਂਗੂ, ਮੁਗ਼ਲਾਂ ਦੀ ਹਨੇਰੀ। ਗੂੰਜ ਗਈ ਅਨੰਦਪੁਰ ਅੰਦਰ "ਜੋ ਖਾਲਸਾ ਤੇਰੀ"।

ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਰਾਜਿਆਂ ਨੂੰ ਨਾ ਭਾਈ। ਉਚਾ ਨੀਵਾਂ ਸਭ ਬਰਾਬਰ, ਖਤਰੀ ਬ੍ਰਾਹਮਣ ਨਾਂਈ।
ਅਕਾਲੇ ਪੁਰਖ ਸਭਨਾਂ ਦਾ ਇਕੋ, ਸਭ ਹਨ ਭਾਈ ਭਾਈ। ਇਸੇ ਮੁਦੇ ਤੇ ਸਤਾਰਾਂ ਸੌ ਇਕ, ਪਹਿਲੀ ਹੋਈ ਲੜਾਈ।
ਰੌਸ਼ਨ ਹੋਈ ਜੋਤ ਸਦਾ ਲਈ, ਸਤਿਗੁਰ ਜੋ ਜਗਾਈ। 'ਨੀਰ' ਸਸ਼ੋਭਤ ਗੁਰੂ ਦਵਾਰਾ ਅੱਜ ਉਸ ਥਾਂ ਉਸ ਜਾਈ।

www.AKJ.Org

ਸਭਰਾਵਾਂ ਦੀ ਲੜਾਈ

[ਗਿ: ਗੋਪਾਲ ਸਿੰਘ ਜੀ ਮਿੱਤਰ, ੯੬-ਬਸਦੀ ਰੋਡ, ਗੁੜਗਾਉਂ]

ਦਸ ਫ਼ਰਵਰੀ ਗੋਰਿਆਂ ਦੀਆਂ ਫ਼ੌਜਾਂ ਚੜ੍ਹ ਕੇ । 'ਸਭਰਾਵਾਂ' ਮੈਦਾਨ ਵਿਚ ਬੰਦੂਕਾਂ ਫੜ ਕੇ ।
ਆ ਲਥੀਆਂ ਸਭ ਪਲਟਨਾਂ ਅੰਦਰੋਂ ਸੜ ਸੜ ਕੇ । ਪਿਆ ਵੇਖ ਵੇਖ ਕੇ ਜ਼ਿਮੀਂ ਦਾ ਵੀ ਸੀਨਾ ਧੜਕੇ ।
ਫੜ ਸੰਗੀਨਾਂ ਰਹਿਕਲੇ ਵੇਂਹਦੇ ਖੜ ਖੜ ਕੇ । ਚਿੱਟੇ ਚੰਮੜੀਏ ਫੇਰ ਆ ਅੱਗ ਵਾਂਗੂ ਭੜਕੇ ।

ਉਨ੍ਹਾਂ ਤੀਹ ਹਜ਼ਾਰ ਦੀ ਗਿਣਤੀ ਦਾ ਕਟਕ ਚੜ੍ਹਾਇਆ । ਜੋ ਤੋਪਾਂ 'ਇਕ ਸੌ ਵੀਹ' ਲੈ ਮੈਦਾਨੀ ਆਇਆ ।
ਹੱਲਾ ਕਰ ਕੇ ਬੱਦਲਾਂ ਦੇ ਵਾਂਗੂ ਛਾਇਆ । ਇੰਜ ਦਿਸਦਾ ਹਰ ਪਾਸਿਓਂ ਹੈ ਜਾਊ ਸਫਾਇਆ ।
ਤੋਪਾਂ ਕੜ ਕੜ ਕਰਦੀਆਂ ਆਕਾਸ਼ ਗੂੰਜਾਇਆ । 'ਮਿੱਤਰ' ਜੀ ਉਹ ਹੋਇਗਾ ਜੋ ਰੱਬ ਨੂੰ ਭਾਇਆ ।

ਲਓ, ਵੈਰੀ ਜੋ ਸਿੱਖ ਰਾਜ ਦਾ ਮਸ਼ਹੂਰ ਪੁਰਾਣਾ । ਦੁਸ਼ਟ 'ਗੁਲਾਬੂ' ਸ਼ੱਤਰੂ 'ਜਿੰਦਾ' ਮਨ ਭਾਣਾ ।
ਆ ਪੁਜਿਆ ਵਿਚ ਮੈਦਾਨ ਦੇ ਉਹ ਖਸਮਾਂ ਖਾਣਾ । ਸਿੱਖ ਫ਼ੌਜ ਨੂੰ ਚਾਹੁੰਦਾ ਰਣ ਵਿਚ ਮਰਵਾਣਾ ।
ਉਸ ਗੁਪਤ ਆਦਮੀ ਭੇਜਿਆ ਦੇ ਕੇ ਪਰਵਾਨਾ । ਦਸਿਆ ਜਿਸ ਥਾਂ ਮਾਰਨਾ ਹੈ ਤੁਸਾਂ ਨਿਸ਼ਾਨਾ ।

ਹੁਣ ਰਲ ਕੇ ਸਿੰਘਾਂ ਸੋਧਿਆ ਏਦਾਂ ਅਰਦਾਸਾ । ਹੇ ਸਤਿਗੁਰ ਕਲਗੀ ਵਾਲਿਆ ! ਤੇਰਾ ਭਰਵਾਸਾ ।
ਹੈ ਸਾਨੂੰ ਭਾਰੀ ਜਾਪਦਾ ਵੈਰੀ ਦਾ ਪਾਸਾ । ਅਸਾਂ ਲਾਹੀ ਤੇਰੀ ਆਸ ਤੇ ਜੀਵਨ ਦੀ ਆਸਾ ।
ਤੂੰ ਸਾਨੂੰ ਦਿਤਾ ਦਾਤਿਆ ! ਤੇਗਾਂ ਵਿਚ ਵਾਸਾ । ਅਸਾਂ ਸਤਲੁਜ ਨਾਲ ਵਗਾਵਣੀ ਅਜ ਰੱਤ 'ਬਿਆਸਾ' ।

ਦੋ ਪਾਸੀਂ ਸ਼ੁਲਕਾਂ ਛੁਟੀਆਂ ਛਿੜ ਪਈ ਲੜਾਈ । ਥਰ ਥਰ ਕੰਬਿਆ ਆਸਮਾਨ ਧਰਤੀ ਘਬਰਾਈ ।
ਰਫਲਾਂ, ਤੋਪਾਂ, ਗੜ੍ਹਕੀਆਂ ਤੇ ਕਲਾ ਮਚਾਈ । ਚਾਰੇ ਪਾਸੇ ਆਣ ਕੇ ਦਹਿਸ਼ਤ ਸੀ ਛਾਈ ।
ਰਣ ਵਿਚ ਘੋੜੇ ਹਿਣਕਦੇ ਇੰਜ ਦਏ ਸੁਣਾਈ । ਜਿਉਂ ਨੱਚਣ ਕਲਜੋਗਣਾਂ ਹੱਥ ਖੱਪਰ ਚਾਈ ।

ਆਹੂ ਲਾਹੇ ਸਿੰਘਾਂ ਨੇ, ਜੋ ਅਗੇ ਆਇਆ । ਜਿਵੇਂ ਕਿਸੇ ਝਟਕਈ ਨੇ ਬਕਰਾ ਝਟਕਾਇਆ ।
ਬਰਛੇ, ਭਾਲੇ, ਤੇਗਿਆਂ ਉਹ ਰੰਗ ਦਿਖਾਇਆ । ਧਰਤੀ ਸੂਹੇ ਰੰਗ ਦਾ ਜਿਉਂ ਚੋਲਾ ਪਾਇਆ ।
ਬੀਰ ਬਹਾਦਰ ਜੋਧਿਆਂ ਉਹ ਜੰਗ ਮਚਾਇਆ । ਰੱਤ ਮਿੱਝ ਦਾ ਘਾਣ ਬਣ ਧਰਤੀ ਤੇ ਆਇਆ ।

ਏਥੇ ਵੀ ਵੜ ਬਾਹਮਣਾਂ ਕੀਤੀ ਗੱਦਾਰੀ । 'ਤੇਜਾ ਸਿੰਘ' ਲੈ ਫੇਜ ਨੂੰ ਗਿਆ ਮਾਰ ਉਡਾਰੀ ।
ਬੜੀਆਂ ਸੁਟ ਦਰਿਆ ਵਿਚ ਉਹ ਅਤਿਆਚਾਰੀ । ਸਿੰਘਾਂ ਦੇ ਸਿਰ ਪਾ ਗਿਆ ਇਉਂ ਕਹਿਰ ਕਹਾਰੀ ।
'ਲਾਲ ਸਿੰਘ' ਵੀ ਫ਼ੌਜ ਨਾ ਰਣ ਅੰਦਰ ਵਾੜੀ । ਰਿਹਾ ਤਮਾਸ਼ਾ ਵੇਖਦਾ ਪਾਪੀ ਬੁਰਿਆਰੀ ।

ਸਿੰਘਾਂ ਤੇ ਆਫ਼ਤ ਆ ਪਈ ਬਹੁ ਤੇ ਗਏ ਮਾਰੇ । ਭਾਵੇਂ ਉਨ੍ਹਾਂ ਵਿਖਾਏ ਸਨ ਬਹੁ ਹੱਥ ਕਰਾਰੇ ।
ਪਰ ਕੌਣ ਹੌਸਲਾ ਦਏ ਹੁਣ ਬਾਝੋਂ ਰਖਵਾਰੇ । ਜਦ ਮਿੱਤਰ ਧ੍ਰੋਹ ਕਮਾਣ ਤਾਂ ਕਿਸਮਤ ਵੀ ਹਾਰੇ ।
ਫੱਟ ਖਾ ਕੇ ਸ਼ੇਰ ਜਿਉਂ ਮਾਰੇ ਭਬਕਾਰੇ । ਤਿਵੇਂ ਸਿੰਘ ਆ ਜੋਸ਼ ਵਿਚ ਮਾਰਨ ਲਲਕਾਰੇ ।

'ਅਟਾਰੀ ਵਾਲਾ ਸ਼ਾਮ ਸਿੰਘ' ਸਰਦਾਰ ਸੁਹਾਣਾ । ਬੁਢਾ ਸ਼ੇਰ ਮਝੈਲੀਆ ਪਾ ਚਿੱਟਾ ਬਾਣਾ ।
ਘੋੜੇ ਤੇ ਅਸਵਾਰ ਹੋਇ ਬੰਦਾ ਮਰਦਾਣਾ । ਜੈਕਾਰੇ ਛਡਦਾ ਆ ਗਿਆ ਲੈ ਤੁੰਮਣ ਤਾਣਾ ।
ਆਖੇ, ਓਇ ਸਿੰਘੋ ਸੂਰਿਓ ! ਵਿਚ ਰੱਤ ਨਹਾਣਾ । ਕਲਗੀ ਵਾਲਾ ਸਤਿਗੁਰੂ ਕਰਸੀ ਖਸਮਾਣਾ ।

www.AKJ.Org

ਸੁਣ ਕੇ ਸਿੰਘਾਂ ਸੂਰਿਆਂ ਦੇ ਡੌਲੇ ਫਰਕੇ। ਤੋਪਾਂ ਰਫ਼ਲਾਂ ਸੁਟੀਆਂ ਹੱਥ ਤੇਗੇ ਫੜ ਕੇ।
ਵੜ ਗਏ ਵੈਰੀ ਫ਼ੌਜ ਵਿਚ ਭਰਵਾਸਾ ਕਰ ਕੇ। ਜੋ ਅੱਗੋਂ ਆਇਆ ਝਾੜਿਆ ਸਭ ਕੁਤਰਾ ਕਰ ਕੇ।
ਪਰਖਟੇ ਉਡਾਏ ਸਿਰਾਂ ਦੇ ਸਿਰ ਤਲੀ ਤੇ ਧਰ ਕੇ। ਧਰ ਤੇ ਲਾਸ਼ਾਂ ਵਿਛੀਆਂ ਕਹਿੰਦੇ ਨੇ ਵਰਕੇ।

ਬੰਦੂਕਾਂ ਤੋਪਾਂ ਚਲਦੀਆਂ ਇਨ੍ਹਾਂ ਸੀਨੇ ਡਾਹੇ। ਫੜ ਕਿਰਪਾਨਾਂ ਵਧਦੇ ਹੋ ਬੇਪਰਵਾਹੇ।
ਹੋਇਆ ਜੋ ਸ਼ਹੀਦ ਉਸ ਕਈ ਵੈਰੀ ਢਾਹੇ। ਬਾਢੀ ਜਿਉਂ ਬ੍ਰਿਛ ਵੱਢਦਾ ਤਿਉਂ ਆਹੂ ਲਾਹੇ।
ਜਿੱਤ ਵਲ ਵਧਦੇ ਗਏ ਉਹ ਕਰ ਦਏ ਸਫ਼ਾਏ। ਹੁੰਦੇ ਗਏ ਸ਼ਹੀਦ, ਨਾ ਡੋਲੇ ਘਬਰਾਏ।

ਲਾਰਡ ਗਫ਼ ਤੇ ਹਾਰਡਿੰਗ ਨੇ ਭੇਜ ਸੁਨੇਹੇ। ਕਿਹਾ, ਸਿੰਘੋ! ਹੁਣ ਸੁਟ ਦਿਉ ਹਥਿਆਰ ਇਵੇਹੇ।
ਬਚ ਨਹੀਂ ਸਕਦੇ ਤੁਸੀਂ ਹੁਣ, ਹਨ ਸਮੇਂ ਅਜੇਹੇ। ਕੋਈ ਨ ਰਾਖਾ ਤੁਸਾਂ ਦਾ ਕਿਉਂ ਰੁਲਦੇ ਖੇਹੇ।
ਦੇਵਾਂਗੇ ਸਰਦਾਰੀਆਂ ਜੋ ਤੁਸੀਂ ਚਹੇ ਹੈ। ਨੀਵਾਂ ਝੰਡਾ ਕਰ ਦਿਉ ਕੁਝ ਕਿਸੇ ਨ ਕਹਿ ਹੈ।

ਪਰ ਸਿੱਖਾਂ ਮਰਣਾ ਮੰਡਿਆ, ਕਰਨੀ ਕੁਰਬਾਨੀ। ਇਸ ਨਿਸ਼ਾਨ ਲਈ ਵਾਰਨੀ ਆਪਣੀ ਜ਼ਿੰਦਗਾਨੀ।
ਗਲ ਕਫ਼ਨੀ ਪਾ 'ਸ਼ਾਮ ਸਿੰਘ' ਆਗੂ ਲਾਸਾਨੀ। ਕੁਦਿਆ ਰਣ ਵਿਚ ਹੱਥ ਫੜ ਅਜ ਨਗਨ ਭਵਾਨੀ।
'ਕਿੱਥੇ ਲਾਟ?' ਪੁਕਾਰਦਾ ਚੇਹਰਾ ਬਰਫ਼ਾਨੀ। ਪਾਈ ਸ਼ਹੀਦੀ ਸ਼ੇਰ ਵਾਂਗ ਕੌਮੀ ਮਹਾਂ-ਦਾਨੀ।

ਜਦ ਡਿੱਠ ਫੌਜਾਂ ਢਹਿ ਪਿਆ ਹੈ ਅਰਸ਼-ਮੁਨਾਰਾ। ਕੀਤਾ ਲਸ਼ਕਰ ਗੋਰਿਆਂ ਨੇ ਹੱਲਾ ਭਾਰਾ।
ਤੜ ਤੜ ਵਸਿਆ ਗੋਲੀਆਂ ਦਾ ਮੀਂਹ ਕਰਾਰਾ। ਮਹਾਂ ਭਾਰਤ ਦਾ ਉਸ ਸਮੇਂ ਬਝ ਗਿਆ ਨਜ਼ਾਰਾ।
ਛੇ ਹਜਾਰ ਸਿੰਘ ਜੂਝਿਆ, ਜਸ ਖਟਿਆ ਭਾਰਾ। 'ਮਿਤਰ' ਖ਼ਾਲਸਾ ਫ਼ੌਜ ਦਾ ਡੁਬ ਗਿਆ ਸਿਤਾਰਾ।

ਭਾਗਾਂ ਵਾਲੀ ਧਰਤੀ

[ਗਿਆਨੀ ਜੰਗ ਸਿੰਘ ਜੀ, ਫ਼ਰੀਮੌਂਟ, ਯੂ. ਐਸ. ਏ.]

ਨੀ ਅੰਮ੍ਰਿਤਸਰ ਦੀਏ ਧਰਤੀਏ ਭਾਗਾਂ ਵਾਲੀਏ!
ਸੋਹਣੇ ਸੁੰਦਰ ਖਿੜੇ ਹੋਏ ਬਾਗਾਂ ਵਾਲੀਏ!
ਹਰਿਮੰਦਰ ਚੋਂ ਸਦਾ ਗੂੰਜਦੇ ਮਿੱਠੜੇ ਰਾਗਾਂ ਵਾਲੀਏ!
ਅੰਮ੍ਰਿਤ ਬਾਣੀ ਚਸ਼ਮੇ ਕਾਰਨ ਸਦਾ ਸੁਹਾਗਾਂ ਵਾਲੀਏ!

ਹਰਿਮੰਦਰ ਦੇ ਕਲਸ ਸੁਨਹਿਰੀ ਦਿੱਲ ਨੂੰ ਖਿੱਚਾਂ ਪਾਂਦੇ ਨੇ।
ਜਿਸ ਵਿਚ ਬਹਿ ਕੇ ਪ੍ਰਭੂ ਪਿਆਰੇ ਜਸ ਉਸੇ ਦਾ ਗਾਂਦੇ ਨੇ।
ਭਾਗਾਂ ਵਾਲੇ ਅੰਮ੍ਰਿਤਸਰ ਵਿਚ ਜਾ ਕੇ ਗੋਤੇ ਲਾਂਦੇ ਨੇ।
ਜਿਨ੍ਹਾਂ ਦੇ ਹਿਰਦੇ ਨਿਰਮਲ ਹੋਏ ਸਭ ਦੀ ਖ਼ੈਰ ਮਨਾਂਦੇ ਨੇ।

ਮੇਰੇ ਦਿਲ ਦੀ ਲੋਚਾ ਏ ਉਹ ਦਿਨ ਹੁਣ ਨੇੜੇ ਆ ਜਾਵੇ।
ਹਰਿਮੰਦਰ ਦਾ ਕੀਰਤਨ ਸਾਰੀ ਮਾਨਵਤਾ ਨੂੰ ਭਾ ਜਾਵੇ।
ਸਾਰੇ ਜੱਗ ਚਿ ਰੀਲੇਅ ਜੋ ਹੋਵੇ ਐਸਾ ਰੇਡੀਓ ਲਗ ਜਾਵੇ।
ਗੁਰਬਾਣੀ ਦੇ ਗਿਆਨ ਦਾ ਦੀਵਾ ਹਰ ਦਿਲ ਦੇ ਵਿਚ ਜਗ ਜਾਵੇ।

ਆਖ਼ਰੀ ਸੂਚਨਾ—ਦੇਸ ਪਰਦੇਸ ਦੇ ਅਮਾਨਤੀ ਲਾਈਫ਼ ਮੈਂਬਰ

'ਸੂਰਾ' ਦੇ ਅਮਾਨਤੀ ਲਾਈਫ਼ ਮੈਂਬਰਾਂ ਦੇ ਪਰਚਿਆਂ ਉਪਰ ਲਗੀਆਂ ਐਡਰੈਸ-ਚਿੱਟਾਂ ਤੇ ਲਾਲ ਸਿਆਹੀ ਨਾਲ ਲਿਖੀਆਂ ਰਕਮਾਂ ਉਨ੍ਹਾਂ ਪਾਠਕਾਂ ਵਲ ਨਿਕਲਦੇ ਬਕਾਏ ਦਰਸਾਉਂਦੀਆਂ ਹਨ। ਇਹ ਬਕਾਏ ਛੇਤੀ ਪੁਜਣੇ ਕਰੋ ਜੀ, ਨਹੀਂ ਤਾਂ ਇਸ ਆਖ਼ਰੀ ਸੂਚਨਾ ਪਿਛੋਂ ਅਮਾਨਤੀ ਲਾਈਫ਼-ਮੈਂਬਰਸ਼ਿਪ ਖ਼ਤਮ ਕਰ ਦਿਤੀ ਜਾਵੇਗੀ।

www.AKJ.Org

ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

ਗੁਰਮਤਿ ਸੇਵਾ ਜਬਲਪੁਰ	੨੦੦੦-੦੦	ਭਾਈ ਰਾਮ ਸਿੰਘ ਮਸਕਟ	੧੫੦-੦੦
ਗੁਪਤ ਸੇਵਾ ਨੰਗਲ ਟਊਨਸ਼ਿਪ	੫੦-੦੦	ਗੁਪਤ ਸੇਵਾ ੧੦੦-੦੦ ਗੁਪਤ ਸੇਵਾ	੪੦੦-੦੦
ਸ: ਹਿੰਮਤ ਸਿੰਘ ਹੁਸ਼ਿਆਰਪੁਰ	੫੫-੦੦	ਬੀਬੀ ਗੁਰਬਚਨ ਕੌਰ ਲੁਧਿਆਣਾ	੧੦੦-੦੦
ਗੁਪਤ ਸੇਵਾ ਗੋਇੰਦਵਾਲ ਸਾਹਿਬ	੧੦੧-੦੦	ਗੁਪਤ ਸੇਵਾ ੧੦੦-੦੦ ਗੁਪਤ ਸੇਵਾ	੧੦੦੦-੦੦
ਗੁਪਤ ਸੇਵਾ	੮੦੦੦-੦੦	ਸ: ਸਵਰਨ ਸਿੰਘ ਲੁਧਿਆਣਾ	੬੦-੦੦
ਭਾਈ ਦਵਿੰਦਰ ਸਿੰਘ ਜਲਾਲਪੁਰ	੨੦੦-੦੦	ਸ: ਅਮਰਜੀਤ ਸਿੰਘ ਜੀ ਲੁਧਿਆਣਾ	੫੦੦-੦੦
ਮਾਤਾ ਚੈਨਣ ਕੌਰ ਬਹਿਬਲਪੁਰ	੨੦੦-੦੦	ਸਾਧ ਸੰਗਤ ਗੁ: ਆਕਲੈਂਡ (ਨਿਊਜ਼ੀਲੈਂਡ)	੩੩੨੬੦-੫੮
ਮਾਸਟਰ ਸ਼ਵਰਨ ਸਿੰਘ ਬਹਿਬਲਪੁਰ	੨੦੦-੦੦	ਸ: ਗੁਰਚਰਨ ਸਿੰਘ ਬਨਾਰਸ	੩੭੦-੦੦
ਭਾਈ ਮਨਜੋਤ ਸਿੰਘ, ਜਗਰਾਉਂ	੧੧-੦੦	ਸ: ਨਾਨਕ ਸਿੰਘ ਪੂਨਾ	੨੧੮੦-੦੦

ਸ਼ਹੀਦੀ ਅਤੇ ਪੀੜਤ ਪਰਿਵਾਰਾਂ ਨੂੰ ਦਿਤੀ ਸਹਾਇਤਾ

ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ ਸਹਾਇਤਾ ੪ ਮਹੀਨੇ
ਅਤੇ ਬੀਬੀ ਸੀਤਲ ਕੌਰ ਅਤੇ ਸ਼ਰਨਜੀਤ ਕੌਰ ਰੈਡਿੰਗ ਵਲੋਂ ਸਹਾਇਤਾ ੨੦੦੦-੦੦ ੨੪੦੦-੦੦

ਸ: ਗੁਰਨਾਮ ਸਿੰਘ ਜਜ ਨਗਰ ਅੰਮ੍ਰਿਤਸਰ—ਪੁਲਸ ਤਸ਼ੱਦਦ, ਹੱਥ ਨਕਾਰਾ, ਇਲਾਜ ਲਈ ੩੦੦੦-੦੦

੧੪ ਪਿੰਡਾਂ ਵਿਚ ੧੪ ਜੂਨ ਤੋਂ ੩ ਜੁਲਾਈ ਤਕ ਕੀਰਤਨ ਸਮਾਗਮ ਅਤੇ ਧਰਮ ਪ੍ਰਚਾਰ ਲਈ
ਜੀਪ ਦੇ ਤੇਲ ਆਦਿ ਲਈ ਮਾਸਟਰ ਬਲਦੇਵ ਸਿੰਘ ਤਰਨ ਤਾਰਨ ਨੂੰ ੫੦੦੦-੦੦

'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

ਗੁਰੂ ਕਾ ਸੇਵਾਦਾਰ ਜੋਧਪੁਰ	੧੦੦-੦੦	ਭਾਈ ਪ੍ਰੀਤਮ ਸਿੰਘ ਦਸੂਹਾ	੫੦-੦੦
ਭਾਈ ਮਨਜੋਤ ਸਿੰਘ, ਜਗਰਾਉਂ	੧੧-੦੦	ਬੀਬੀ ਹਰਭਜਨ ਕੌਰ ਮਸੀਤੀ	੪੫-੦੦
ਸ: ਉਜਾਗਰ ਸਿੰਘ ਨੰਦਾ, ਦਿਲੀ	੫੦-੦੦	ਸ: ਲਛਮਨ ਸਿੰਘ, ਸ਼ੇਰਪੁਰ ਖੁਰਦ	੧੦੦-੦੦
ਸ: ਜਾਗੀਰ ਸਿੰਘ, ਸਰੀ ਯੂ. ਕੇ.	੪੦-੦੦	ਸ: ਗੁਰਦੀਪ ਸਿੰਘ ਬੋਲਟਨ, ਯੂ. ਕੇ.	੬੫-੦੦

ਭਾਈ ਬਿੱਕਰ ਸਿੰਘ ਕੈਡਿੰਗ ਯੂ. ਕੇ.—ਪਰਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਵਜੋਂ ੨੫੦੦-੦੦
ਸਾਧ ਸੰਗਤ ਡੈਨਮਾਰਕ ਅਤੇ ਭਾਈ ਹਰਮਿੰਦਰ ਸਿੰਘ ੧੨੫੦੦-੦੦

ਗੁਰਦਵਾਰਾ ਮਿਲਫੋਰਡ ਬਾਸਟਨ (ਅਮਰੀਕਾ) ਵਿਖੇ ਰੈਣ ਸਬਾਈ ਕੀਰਤਨ

6 ਅਗਸਤ ਸ਼ੁਕਰਵਾਰ ਤੋਂ ਕੀਰਤਨ ਹੋਣੇ ਹਨ। ਸ਼ਨੀਵਾਰ 7 ਅਗਸਤ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ 8 ਅਗਸਤ ਐਤਵਾਰ ਨੂੰ ਦਿਨੇ 10 ਤੋਂ 12 ਤਕ ਕੀਰਤਨ ਹੋਣਗੇ।

ਪੁਛ ਗਿਛ : ਭਾਈ ਸਵਰਨ ਸਿੰਘ ਫੋਨ 508-634-1258 ਤੇ 508-478-2469

ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ

ਡਾਕਟਰ ਦਰਸ਼ਨ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਕੈਨੇਡਾ, ਅਮਰੀਕਾ ਤੇ ਇੰਗਲੈਂਡ ਦੇ ਅਖੰਡ ਕੀਰਤਨ ਜਥਿਆਂ ਵਲੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ ੧੭ ਤੋਂ ੨੫ ਮਈ ਤਕ ਅਖੰਡ ਪਾਠ, ਅਖੰਡ ਕੀਰਤਨ, ਰੈਣ ਸਬਾਈ ਅਤੇ ਅੰਮ੍ਰਿਤ ਸਿੰਚਾਰ ਹੋਏ।

ਟਰੰਟੋ (ਕੈਨੇਡਾ) ਵਿਖੇ ੨੫ ਜੂਨ ਤੋਂ ੪ ਜੁਲਾਈ ਤਕ ਅਖੰਡ ਕੀਰਤਨੀ ਜਥਿਆਂ ਵਲੋਂ ਅਖੰਡ ਕੀਰਤਨ, ਅਖੰਡ ਪਾਠ, ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਹੋ ਰਹੇ ਹਨ।

ਭਾਈ ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ ਵਲੋਂ

ਗੁਰਬਾਣੀ ਕੰਠ ਤੇ ਕੀਰਤਨ ਮੁਕਾਬਲੇ ੨-੩ ਅਕਤੂਬਰ ਨੂੰ ਫਰਵਾਲ੍ਹੀ ਵਿਖੇ, ਵੇਰਵਾ ਆਉਂਦੇ ਸੂਰਾ ਵਿਖੇ

ਯੂ. ਕੇ. ਵਿਚ ਪੁਸਤਕਾਂ—ਭਾਈ ਸਾਹਿਬ ਰਣਧੀਰ ਸਿੰਘ ਜੀ ਦਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੰਗਾਓ। ਡਾਕ ਖਰਚਾ ਪਹਿਲਾਂ ਭੇਜੋ—

Bhai Madan Singh, 11-Apollo Way, Birmingham-20, 3ND (U.K.)

www.PanthAKhalsa.org

ਅੰਬਾਲਾ ਛਾ: ਸਾਲਾਨਾ ਅਖੰਡ ਕੀਰਤਨ ਸਮਾਗਮ ੧੨ ਤੋਂ ੧੫ ਅਗਸਤ, ਵੇਰਵਾ ਅਗਲੇ ਮਹੀਨੇ

ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੧੬ ਤੋਂ ੧੯ ਸਤੰਬਰ, ਵੇਰਵਾ ਅਗਲੇਰੇ ਮਹੀਨੇ

ਕੁਮਾਰਹੱਟੀ (ਸ਼ਿਮਲਾ ਹਿਲਜ਼) ਵਿਖੇ ਅਵਤਾਰ ਗੁਰਪੁਰਬ ਦੇ ਸੰਬੰਧ ਵਿਚ ਸਮਾਗਮ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿਚ ਗੁਰਦਵਾਰਾ ਤਪੋਬਨ ਕੁਮਾਰਹੱਟੀ ਵਿਖੇ ਸਮਾਗਮ ਹੋ ਰਹੇ ਹਨ। ਜੁਲਾਈ ੧੬ ਤੋਂ ੧੮ ਐਤਵਾਰ ਤਕ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ;

ਪ੍ਰਾਰਥਕ ਦਾਸ—ਤਾਰਾ ਸਿੰਘ (ਪ੍ਰਿੰਸੀਪਲ), ਸੰਤਪੁਰਾ, ਕਪੂਰਥਲਾ

ਮਾਸਕ ਰੈਣ ਸਬਾਈ ਕੀਰਤਨ ਗੁ: ਫਲਾਹੀ ਸਾਹਿਬ ਪਾ: ੧੦ ਪਿੰਡ ਦੁਲਹੇ, ੧੦ ਜੁਲਾਈ

ਮਰਾੜ ਕਲਾਂ (ਕਪੂਰਥਲਾ-ਮੁਕਤਸਰ ਰੋਡ ਅੱਡਾ ਸਰਾਏ ਨਾਂਗਾ) ਰੈਣ ਸਬਾਈ ੧੭ ਜੁਲਾਈ

ਉੜਾਪੜ (ਬੰਗਾ) ਗੁਰਦਵਾਰਾ ਸਾਹਿਬ (ਨਵਾਂ ਸ਼ਹਿਰ-ਫ਼ਿਲੌਰ ਰੋਡ ਰੈਣ ਸਬਾਈ ੧੭ ਜੁਲਾਈ

ਰੋਪੜ—ਸ੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਘਨੌਲੀ, ਕਵਾਟਰ ੯੫੪, ਟਾਈਪ II, ਸ:ਕੁਲਵੰਤਸਿੰਘ

੧੭ ਜੁਲਾਈ ਸਵੇਰੇ ਅਖੰਡਪਾਠ ਭੋਗ ਉਪਰੰਤ ਕੀਰਤਨ ਦੁਪਹਿਰ ਤਕ, ਰਾਤ ਨੂੰ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) ਮਿਤੀ 8 ਤੋਂ 10 ਜੁਲਾਈ ਸ੍ਰੀ ਅਖੰਡਪਾਠ, ਭੋਗ ਉਪਰੰਤ ਭਾਈ ਤ੍ਰਿਲੋਚਨ ਸਿੰਘ ਦੀ ਸਪੁਤਰੀ ਦਾ ਅਨੰਦ ਕਾਰਜ ਗੁਰਦਵਾਰਾ ਬੇਬੇ ਨਾਨਕੀ, ਰੌਕਰੀ ਰੋਡ, ਬਰਮਿੰਘਮ ਵਿਖੇ। ਗੁਰਦਵਾਰਾ ਫ਼ੋਨ 021-551-3489-
ਤ੍ਰਿਲੋਚਨ ਸਿੰਘ 021-515-4522

(2) 17 ਜੁਲਾਈ ਸ਼ਨੀਵਾਰ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ, ਹੈਂਡਵਰਥ ਰੋਡ, ਅਲਾਈਸ ਵੇ, ਹੰਸਲੋ ਗੁਰਦਵਾਰਾ ਫ਼ੋਨ 081-577-2793, ਭਾ: ਹਰਜੀਤ ਸਿੰਘ 081-891-0470,
ਭਾ: ਰਣਜੀਤ ਸਿੰਘ 081-572-3460

(3) 30 ਜੁਲਾਈ ਤੋਂ 1 ਅਗਸਤ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ, ਗ੍ਰਹਿ ਬੀਬੀ ਰਜਿੰਦਰ ਕੌਰ ਸਮਰਾ, 149 ਲੈਂਡੁਰ ਰੋਡ, ਸਟੇਕਵੈਲ, ਲੰਡਨ ਵਿਖੇ। ਫ਼ੋਨ 071-924-0405

(4) 7 ਅਗਸਤ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਹਰਨਾਲ ਰੋਡ, ਕੋਵੈਂਵਰੀ ਵਿਖੇ ਕੀਰਤਨ ਉਪਰੰਤ ਭਾਈ ਮੋਹਿੰਦਰ ਸਿੰਘ ਅਟਵਾਲ ਦੀ ਸਪੁਤਰੀ ਪਰਮਜੀਤ ਕੌਰ ਦਾ ਅਨੰਦ ਕਾਰਜ ਭਾਈ ਮੋਹਨ ਸਿੰਘ ਬਰਮਿੰਘਮ ਦੇ ਸਪੁਤਰ ਭਾਈ ਰਣਜੀਤ ਸਿੰਘ ਨਾਲ। ਗੁਰਦਵਾਰਾ ਫ਼ੋਨ 0203-220960, ਭਾ: ਮੋਹਿੰਦਰ ਸਿੰਘ 0203-665293

ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-26900)

Bhai Gurnam Singh, 10-Lambourne Gardens, Earley, Reading, Berk U.K.

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ :

ਸੂਰਾ ਮੰਥਲੀ, ੩੬੦—ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org